ਜਿਲਦ:7, ਅੰਕ:08

ਨਿਊ ਇੰਡੀਆ ਸਮਾਚਾਰ

16-31 ਅਕਤੂਬਰ, 2026 (ਮੁਫ਼ਤ)

@NISPIBIndia ਸਾਨੂੰ ਫਾਲੋ ਕਰੋ














रাষ্ট্রীয় ਏਕਤਾ ਦਿਵਸ 'ਤੇ ਵਿਸ਼ੇਸ਼

# ਏਕ ਭਾਰਤ ਦੀ ਸ਼ਕਤੀ ਸ਼੍ਰੇਸ਼ਠ ਭਾਰਤ ਦਾ ਸੰਕਲਪ

ਸਰਦਾਰ ਵੱਲਭ ਭਾਈ ਪਟੇਲ ਦੀ 150ਵੀਂ ਜਯੰਤੀ ਦੇ ਸਮਾਪਤੀ-ਵਰ੍ਹੇ ਵਿੱਚ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਦੀ ਭਾਵਨਾ ਸੱਭਿਆਚਾਰਕ ਸਾਂਝ ਤੋਂ ਅੱਗੇ ਵਧ ਕੇ ਨੀਤੀ-ਨਿਰਮਾਣ ਦਾ ਅਟੁੱਟ ਅੰਗ ਬਣੀ, ਜਿਸ ਨੇ ਪਿਛਲੇ 11 ਵਰ੍ਹਿਆਂ ਦੌਰਾਨ ਏਕੀਕਰਣ ਪ੍ਰਣਾਲੀਆਂ ਨਾਲ ਆਮ ਲੋਕਾਂ ਦੇ ਜੀਵਨ ਨੂੰ ਬਣਾਇਆ ਅਸਾਨ, ਸੁਚਾਰੂ, ਸਸ਼ਕਤ ਅਤੇ ਮਜ਼ਬੂਤ ਕੀਤੀ ਭਾਰਤੀ ਹੋਣ ਦੀ ਭਾਵਨਾ....



# ਅੱਤਵਾਦ ਦੇ ਵਿਰੁੱਧ ਭਾਰਤ ਦੀ 'ਜ਼ੀਰੋ ਟੌਲਰੈਂਸ' ਨੀਤੀ



*'ਮਨ ਕੀ ਬਾਤ' ਪ੍ਰੋਗਰਾਮ ਵਿੱਚ ਨਾ ਸਿਰਫ਼ ਦੇਸ਼ਵਾਸੀਆਂ ਦੇ ਸਕਾਰਾਤਮਕ ਯਤਨਾਂ ਨੂੰ ਮੰਚ ਮਿਲਦਾ ਹੈ ਸਗੋਂ ਇਸ ਵਿੱਚ ਦੇਸ਼ ਦੀਆਂ ਪ੍ਰਾਪਤੀਆਂ ਦੀ ਵੀ ਗੱਲ ਹੁੰਦੀ ਹੈ। ਜਦੋਂ ਇਸ ਮੰਚ ਤੋਂ ਇਨ੍ਹਾਂ ਦੀ ਚਰਚਾ ਹੁੰਦੀ ਹੈ ਤਾਂ ਦੇਸ਼ ਦੇ ਦੂਜੇ ਹਿੱਸਿਆਂ ਦੇ ਲੋਕ ਵੀ ਉਸ ਤੋਂ ਪ੍ਰੇਰਿਤ ਹੁੰਦੇ ਹਨ। 27 ਸਤੰਬਰ ਨੂੰ ਪ੍ਰਸਾਰਿਤ ਮਨ ਕੀ ਬਾਤ ਦੀ 138ਵੀਂ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਸਰਜੀਕਲ ਸਟ੍ਰਾਈਕ, ਡਿਜੀਟਲ ਜਨਗਣਨਾ, ਭਾਰਤੀ ਸੱਭਿਆਚਾਰ, ਪ੍ਰਾਚੀਨ ਮੰਦਿਰਾਂ , ਸਵੱਛਤਾ, ਵਾਤਾਵਰਣ ਦੀ ਸੰਭਾਲ, ਨਸ਼ਾ ਮੁਕਤੀ ਅਭਿਆਨ, ਖੇਡਾਂ, ਓਡੀਓਪੀ ਅਤੇ ਪੋਸ਼ਣ ਵਰਗੇ ਮਹੱਤਵਪੂਰਨ ਵਿਸ਼ਿਆਂ ਬਾਰੇ ਚਰਚਾ ਕੀਤੀ। ਪੇਸ਼ ਹਨ ਮਨ ਕੀ ਬਾਤ ਦੇ ਸੰਪਾਦਿਤ ਅੰਸ਼...*

- **ਸਰਜੀਕਲ ਸਟ੍ਰਾਇਕ :** ਦਸ ਵਰ੍ਹੇ ਪਹਿਲਾਂ 28- 29 ਸਤੰਬਰ, 2016 ਨੂੰ ਭਾਰਤੀ ਸੈਨਾ ਨੇ ਪਾਕਿਸਤਾਨ ਵਿੱਚ ਅੱਤਵਾਦੀ ਟਿਕਾਣਿਆਂ 'ਤੇ ਸਰਜੀਕਲ ਸਟ੍ਰਾਇਕ ਕੀਤੀ ਸੀ। ਐੱਲਓਸੀ ਦੇ ਉਸ ਪਾਰ ਜਾ ਕੇ ਸਾਡੇ ਬਹਾਦਰ ਜਵਾਨਾਂ ਨੇ ਜਿਸ ਤਰ੍ਹਾਂ ਅੱਤਵਾਦ ਦੇ ਵਿਰੁੱਧ ਕਾਰਵਾਈ ਕੀਤੀ ਸੀ, ਉਹ ਦੇਖ ਕੇ ਦੁਨੀਆ ਹੈਰਾਨ ਸੀ।
- **ਕਰਾਰਾ ਜਵਾਬ :** ਬੀਤੇ ਇੱਕ ਦਹਾਕੇ ਵਿੱਚ ਬਾਲਾਕੋਟ ਦੀ ਏਅਰ ਸਟ੍ਰਾਇਕ ਤੋਂ ਲੈ ਕੇ 'ਆਪ੍ਰੇਸ਼ਨ ਸਿੰਦੂਰ' ਤੱਕ ਭਾਰਤ ਨੇ ਵਾਰ-ਵਾਰ ਇਹ ਸਪਸ਼ਟ ਸੰਦੇਸ਼ ਦਿੱਤਾ ਹੈ ਕਿ ਜੇਕਰ ਅੱਤਵਾਦੀ ਭਾਰਤ 'ਤੇ ਅੱਖ ਚੁੱਕਣਗੇ ਤਾਂ ਉਸ ਦਾ ਕਰਾਰਾ ਜਵਾਬ ਦਿੱਤਾ ਜਾਵੇਗਾ।
- **'ਜ਼ੀਰੋ ਟੌਲਰੈਂਸ' ਨੀਤੀ :** ਅੱਜ ਦਾ ਭਾਰਤ ਅੱਤਵਾਦ ਦੇ ਵਿਰੁੱਧ 'ਜ਼ੀਰੋ ਟੌਲਰੈਂਸ' ਨੀਤੀ ਲੈ ਕੇ ਚੱਲ ਰਿਹਾ ਹੈ। ਅਸੀਂ ਇਸ ਦੇ ਨਤੀਜੇ ਵੀ ਦੇਖ ਰਹੇ ਹਾਂ।
- **ਰਾਮ ਜਨਮ ਭੂਮੀ ਅੰਦੋਲਨ :** 'ਵਿਸ਼ਵ ਹਿੰਦੂ ਪ੍ਰੀਸ਼ਦ' ਦੇ ਸਾਬਕਾ ਅੰਤਰਰਾਸ਼ਟਰੀ ਕਾਰਜਕਾਰੀ ਪ੍ਰਧਾਨ, ਸਤਿਕਾਰਯੋਗ ਸਵਰਗੀ ਅਸ਼ੋਕ ਸਿੰਘਲ ਜੀ ਨੇ ਰਾਮ ਜਨਮ ਭੂਮੀ ਅੰਦੋਲਨ ਨੂੰ ਜੋ ਦਿਸ਼ਾ ਦਿੱਤੀ, ਅੱਜ ਉਸੇ ਦਾ ਹੀ ਨਤੀਜਾ ਹੈ ਕਿ ਅਸੀਂ ਅਯੋਧਿਆ ਵਿੱਚ ਸ਼ਾਨਦਾਰ ਮੰਦਿਰ ਨੂੰ ਸਾਕਸ਼ਾਤ ਦੇਖ ਰਹੇ ਹਾਂ।
- **ਪਹਿਲਾ ਸੂਰਜੀ ਊਰਜਾ ਨਾਲ ਚੱਲਣ ਵਾਲਾ ਪਿੰਡ :** ਮੋਢੇਰਾ ਅੱਜ ਨਾ ਸਿਰਫ਼ ਸੂਰਜ ਮੰਦਿਰ ਲਈ ਜਾਣਿਆ ਜਾਂਦਾ ਹੈ; ਸਗੋਂ ਗੁਜਰਾਤ ਦਾ ਇਹ ਪਿੰਡ ਦੇਸ਼ ਦਾ ਪਹਿਲਾ ਸੂਰਜੀ ਊਰਜਾ ਨਾਲ ਚੱਲਣ ਵਾਲਾ ਪਿੰਡ ਬਣ ਚੁੱਕਿਆ ਹੈ। ਮੋਢੇਰਾ ਅੱਜ ਸੂਰਜੀ ਊਰਜਾ ਨਾਲ ਚੱਲਦਾ ਹੈ ਅਤੇ ਉਸ ਨੇ ਦੇਸ਼ ਦੇ ਸਾਹਮਣੇ ਟਿਕਾਊ ਵਿਕਾਸ ਦੀ ਇੱਕ ਉਦਾਹਰਣ ਪੇਸ਼ ਕੀਤੀ ਹੈ।
- **ਪੌਸ਼ਟਿਕ ਡਰੱਮਸਟਿੱਕ (ਮੋਰਿੰਗਾ) :** ਛੱਤੀਸਗੜ੍ਹ ਨੇ 'ਹਰ ਘਰ ਮੁਨਗਾ-ਘਰ-ਘਰ ਮੁਨਗਾ' (ਹਰ ਘਰ ਵਿੱਚ ਮੋਰਿੰਗਾ) ਮੁਹਿੰਮ ਸ਼ੁਰੂ ਕੀਤੀ ਹੈ। ਇਸ ਵਿੱਚ ਲੋਕਾਂ ਨੂੰ ਪੌਸ਼ਟਿਕ 'ਮੁਨਗਾ' ਯਾਨੀ ਮੋਰਿੰਗਾ ਨੂੰ ਆਪਣੀ ਖੁਰਾਕ ਵਿੱਚ ਸ਼ਾਮਲ ਕਰਨ ਲਈ ਉਤਸ਼ਾਹਿਤ ਕੀਤਾ ਜਾ ਰਿਹਾ ਹੈ।
- **ਨਵੀਆਂ ਸੰਭਾਵਨਾਵਾਂ :** ਆਂਵਲਾ ਅੱਜ ਉੱਤਰ ਪ੍ਰਦੇਸ਼ ਦੇ ਪ੍ਰਤਾਪਗੜ੍ਹ ਵਿੱਚ ਨਵੀਆਂ ਸੰਭਾਵਨਾਵਾਂ ਦਾ ਜ਼ਰੀਆ ਬਣ ਰਿਹਾ ਹੈ। 'ਇੱਕ ਜ਼ਿਲ੍ਹਾ, ਇੱਕ ਉਤਪਾਦ' (One District, One Product) ਦੇ ਜ਼ਰੀਏ ਇੱਥੇ ਆਂਵਲੇ ਨਾਲ ਜੁੜੇ ਸਥਾਨਕ ਉੱਦਮਾਂ ਨੂੰ ਹੁਲਾਰਾ ਮਿਲਿਆ ਹੈ। ਅੱਜ ਪ੍ਰਤਾਪਗੜ੍ਹ ਵਿੱਚ ਆਂਵਲਾ ਪ੍ਰੋਸੈੱਸਿੰਗ ਨਾਲ ਜੁੜੀਆਂ ਲਗਭਗ 100 ਯੂਨਿਟਾਂ ਕੰਮ ਕਰ ਰਹੀਆਂ ਹਨ।
- **ਅਸ਼ਟਵਿਨਾਇਕ ਯਾਤਰਾ :** ਪੰਥੌਨ ਥੀਰਖਾਨੋਨ (Panthoun Thirkhanon) ਦੇ ਯਤਨਾਂ ਸਦਕਾ, ਥਾਈਲੈਂਡ ਵਿੱਚ ਸ਼ਰਧਾਲੂਆਂ ਦੇ ਦਰਮਿਆਨ ਅਸ਼ਟਵਿਨਾਇਕ ਯਾਤਰਾ ਕਾਫ਼ੀ ਪ੍ਰਸਿੱਧ ਹੋ ਚੁੱਕੀ ਹੈ। ਵਰ੍ਹੇ 2002 ਵਿੱਚ ਉਨ੍ਹਾਂ ਨੇ ਉੱਤਰੀ ਥਾਈਲੈਂਡ ਦੇ ਚਿਆਂਗ ਮਾਈ (Chiang Mai) ਵਿਖੇ 'ਗਣੇਸ਼ ਹਿਮਾਲ ਮਿਊਜ਼ੀਅਮ' ਦੀ ਸਥਾਪਨਾ ਕੀਤੀ। ਅੱਜ ਇਸ ਵਿੱਚ ਭਗਵਾਨ ਗਣੇਸ਼ ਦੀਆਂ 10,000 ਤੋਂ ਵੱਧ ਮੂਰਤੀਆਂ ਹਨ।
- **ਨਸ਼ਾ-ਮੁਕਤੀ ਮੁਹਿੰਮ :** 'ਨਸ਼ਾ ਮੁਕਤ ਯੁਵਾ ਅਭਿਆਨ' ਦੇ ਤਹਿਤ, ਦੇਸ਼ ਭਰ ਦੇ ਲੱਖਾਂ ਨੌਜਵਾਨਾਂ ਨੇ ਨਸ਼ਿਆਂ ਦੇ ਵਿਰੁੱਧ, ਇੱਕ ਅਹਿਮ ਪ੍ਰਣ ਲਿਆ ਹੈ। ਨੌਜਵਾਨਾਂ ਨੇ ਖੁਦ ਵੀ ਨਸ਼ਿਆਂ ਤੋਂ ਦੂਰ ਰਹਿਣ ਦਾ ਪ੍ਰਣ ਲਿਆ ਹੈ ਅਤੇ ਇਸ ਸੰਦੇਸ਼ ਨੂੰ ਦੂਜਿਆਂ ਤੱਕ ਪਹੁੰਚਾਉਣ ਦੀ ਜ਼ਿੰਮੇਵਾਰੀ ਵੀ ਲਈ ਹੈ।
- **ਇੱਕ ਪ੍ਰੇਰਣਾਦਾਇਕ ਮਿਸਾਲ :** ਕੁਦਰਤ ਦੇ ਨਾਲ ਸਾਡਾ ਰਿਸ਼ਤਾ ਸਿਰਫ਼ ਉਸ ਦੀ ਸੰਭਾਲ ਕਰਨ ਤੱਕ ਹੀ ਸੀਮਤ ਨਹੀਂ ਹੈ। ਕਈ ਵਾਰ ਅਸੀਂ ਕੁਦਰਤ ਨੂੰ ਸੰਭਾਲਦੇ ਹਾਂ ਤਾਂ ਓਹੀ ਕੁਦਰਤ ਸਾਡੇ ਜੀਵਨ ਲਈ ਸਹਾਰਾ ਬਣ ਜਾਂਦੀ ਹੈ। ਪੱਛਮ ਬੰਗਾਲ ਦੇ ਸੁੰਦਰਬਨ ਵਿੱਚ ਕੁਝ ਮਹਿਲਾਵਾਂ ਇਸੇ ਰਿਸ਼ਤੇ ਦੀ ਇੱਕ ਪ੍ਰੇਰਣਾਦਾਇਕ ਮਿਸਾਲ ਪੇਸ਼ ਕਰ ਰਹੀਆਂ ਹਨ।
- **ਹਾਥੀਆਂ ਦੇ ਝੁੰਡ :** ਅਸਾਮ ਵਿੱਚ 'ਸੋਨਾਈ ਰੂਪਾਈ ਵਾਈਲਡਲਾਈਫ ਸੈਂਚੁਰੀ' ਸਥਿਤ ਹੈ। ਹਾਥੀ ਇੱਥੇ ਵਾਪਸ ਪਰਤ ਆਏ ਹਨ। ਜਿਸ ਇਲਾਕੇ ਵਿੱਚ ਵਰ੍ਹਿਆਂ ਤੋਂ ਉਨ੍ਹਾਂ ਦੀ ਚਹਿਲ ਪਹਿਲ ਨਹੀਂ ਸੀ, ਅੱਜ ਉੱਥੇ ਫਿਰ ਹਾਥੀਆਂ ਦੇ ਝੁੰਡ ਦਿਖਾਈ ਦੇ ਰਹੇ ਹਨ।

'ਮਨ ਕੀ ਬਾਤ' ਪੂਰੀ ਸੁਣਨ ਦੇ ਲਈ QR ਕੋਡ ਸਕੈਨ ਕਰੋ।

ਨਿਊ ਇੰਡੀਆ

# ਸਮਾਚਾਰ

ਜਿਲਦ: 7, ਅੰਕ 08 | 16- 31 ਅਕਤੂਬਰ, 2026



**ਐਡੀਟਰ ਇਨ ਚੀਫ਼ :**

**ਧੀਰੇਂਦਰ ਓਝਾ**

ਪ੍ਰਿੰਸੀਪਲ ਡਾਇਰੈਕਟਰ ਜਨਰਲ,

ਪੱਤਰ ਸੂਚਨਾ ਦਫ਼ਤਰ, ਨਵੀਂ ਦਿੱਲੀ

ਮੁੱਖ ਸਲਾਹਕਾਰ ਸੰਪਾਦਕ

**ਸੰਤੋਸ਼ ਕੁਮਾਰ**

ਸੀਨੀਅਰ ਸਹਾਇਕ ਸਲਾਹਕਾਰ ਸੰਪਾਦਕ

**ਪਵਨ ਕੁਮਾਰ**

ਸਹਾਇਕ ਸਲਾਹਕਾਰ ਸੰਪਾਦਕ

**ਅਖਿਲੇਸ਼ ਕੁਮਾਰ**

**ਚੰਦਨ ਕੁਮਾਰ ਚੌਧਰੀ**

ਭਾਸ਼ਾ ਸੰਪਾਦਨ

**ਸੁਮਿਤ ਕੁਮਾਰ (ਅੰਗ੍ਰੇਜ਼ੀ),**

**ਰਜਨੀਸ਼ ਮਿਸ਼ਰਾ (ਅੰਗ੍ਰੇਜ਼ੀ)**

**ਨਦੀਮ ਅਹਿਮਦ (ਉਰਦੂ),**

**ਅਹਿਮਦ ਖਾਨ (ਪੰਜਾਬੀ)**

ਸੀਨੀਅਰ ਡਿਜ਼ਾਈਨਰ

**ਫੂਲ ਚੰਦ ਤਿਵਾਰੀ**

ਡਿਜ਼ਾਈਨਰ

**ਅਭੈ ਗੁਪਤਾ**

**ਸਤਯਮ ਸਿੰਘ**




**13 ਭਾਸ਼ਾਵਾਂ ਵਿੱਚ ਉਪਲਬਧ 'ਨਿਊ ਇੰਡੀਆ ਸਮਾਚਾਰ' ਨੂੰ ਪੜ੍ਹਨ ਦੇ ਲਈ ਕਲਿੱਕ ਕਰੋ।**

https://newindiasamachar.pib.gov.in/news.aspx

**'ਨਿਊ ਇੰਡੀਆ ਸਮਾਚਾਰ' ਦੇ ਪੁਰਾਣੇ ਅੰਕ ਪੜ੍ਹਨ ਦੇ ਲਈ ਕਲਿੱਕ ਕਰੋ**

https://newindiasamachar.pib.gov.in/archive.aspx

ਨਿਊ ਇੰਡੀਆ ਸਮਾਚਾਰ ਬਾਰੇ ਲਗਾਤਾਰ ਅੱਪਡੇਟ ਦੇ ਲਈ ਫਾਲੋ ਕਰੋ: @NISPIBIndia

# ਅੰਦਰਲੇ ਪੰਨਿਆਂ ਉੱਤੇ...




**ਏਕ ਭਾਰਤ –ਸ਼੍ਰੇਸ਼ਠ ਭਾਰਤ**

## ਸੱਭਿਆਚਾਰਕ ਮੇਲ ਤੋਂ ਵਿਵਸਥਾ ਦੇ ਏਕੀਕਰਣ ਤੱਕ

ਏਕਤਾ ਰਾਸ਼ਟਰ ਅਤੇ ਸਮਾਜ ਦੀ ਹੋਂਦ ਦਾ ਅਧਾਰ ਹੁੰਦੀ ਹੈ। 31 ਅਕਤੂਬਰ, 2015 ਨੂੰ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ 'ਤੇ ਕੇਵੜੀਆ ਦੀ ਪਵਿੱਤਰ ਧਰਤੀ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਏਕ ਭਾਰਤ –ਸ਼੍ਰੇਸ਼ਠ ਭਾਰਤ' ਦੀ ਸ਼ੁਰੂਆਤ ਕੀਤੀ ਸੀ। ਸਰਦਾਰ ਪਟੇਲ ਨੇ ਜਿਸ ਤਰ੍ਹਾਂ ਕਰੀਬ ਸਾਢੇ ਪੰਜ ਸੌ ਰਿਆਸਤਾਂ ਨੂੰ ਇੱਕ ਝੰਡੇ ਦੇ ਹੇਠਾਂ ਜੋੜਿਆ ਸੀ। ਉਸੇ ਸੋਚ ਨਾਲ 11 ਵਰ੍ਹੇ ਪਹਿਲਾਂ ਸ਼ੁਰੂ ਹੋਈ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਨਾਲ ਹੁਣ ਟੈਕਸ ਸਿਸਟਮ, ਰਾਸ਼ਨ, ਪੈਨਸ਼ਨ, ਸੰਵਿਧਾਨ, ਪ੍ਰੀਖਿਆ ਅਤੇ ਖੇਜ ਤੱਕ ਵਰਗੀਆਂ ਦਰਜਨਾਂ ਪਹਿਲਕਦਮੀਆਂ 'ਇੱਕ ਦੇਸ਼- ਇੱਕ ਵਿਵਸਥਾ' ਦਾ ਬਣ ਗਈ ਹੈ ਅਧਾਰ ਥੰਮ੍ਹ... | 10-27

ਸੈਮੀਕੌਨ ਇੰਡੀਆ 2026

## ਸੈਮੀਕੰਡਕਟਰ ਦਾ ਈਕੋਸਿਸਟਮ

**ਖੋਲ੍ਹ ਰਿਹਾ ਨਵੀਨਤਾ, ਨਿਵੇਸ਼ ਅਤੇ ਵਿਕਾਸ ਦੇ ਨਵੇਂ ਮੌਕੇ**

ਪੀਐੱਮ ਮੋਦੀ ਨੇ ਦੇਸ਼-ਵਿਦੇਸ਼ ਦੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਆਧੁਨਿਕ ਤਕਨੀਕ ਦੇ ਵਿਕਾਸ ਵਿੱਚ ਸਾਂਝੇਦਾਰ ਬਣਨ ਦਾ ਦਿੱਤਾ ਸੱਦਾ | 32-33



ਵਿਸ਼ੇਸ਼ : ਪ੍ਰਧਾਨ ਮੰਤਰੀ ਦਾ ਲੇਖ

**"ਸ਼੍ਰੀ ਅਸ਼ੋਕ ਸਿੰਘਲ ਜੀ ਦੀ ਸ਼ਖਸੀਅਤ ਦ੍ਰਿੜ੍ਹ ਸੰਕਲਪ ਅਤੇ ਸਾਦਗੀ ਦਾ ਅਦਭੁਤ ਸੰਗਮ ਸੀ।"**



ਪ੍ਰਧਾਨ ਮੰਤਰੀ ਨੇ ਅਸ਼ੋਕ ਸਿੰਘਲ ਦੀ ਜਯੰਤੀ 'ਤੇ ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਸਮਰਪਿਤ ਸ਼ਰਧਾਂਜਲੀ ਸਰੂਪ ਲਿਖਿਆ ਇੱਕ ਲੇਖ ਕੀਤਾ ਸਾਂਝਾ | 7-9


**ਸਮਾਚਾਰ ਸਾਰ** | 4-5

**ਸ਼ਖਸੀਅਤ : ਕੋਮਾਰਮ ਭੀਮ**

ਜਿਨ੍ਹਾਂ ਨੇ ਦਿੱਤਾ ਜਲ, ਜੰਗਲ, ਜ਼ਮੀਨ ਦਾ ਨਾਅਰਾ | 6

**ਰਬੀ ਫਸਲਾਂ ਦੇ MSP ਵਿੱਚ ਵਾਧਾ, ਗ੍ਰੀਨ ਐਨਰਜੀ ਕੌਰੀਡੋਰ ਫੇਜ- III ਨੂੰ ਮਨਜ਼ੂਰੀ**

ਕੇਂਦਰੀ ਕੈਬਨਿਟ ਦੀ ਬੈਠਕ ਵਿੱਚ ਲਏ ਗਏ ਮਹੱਤਵਪੂਰਨ ਫ਼ੈਸਲੇ | 28-29

**ਭਵਿੱਖ ਦੇ ਲਈ ਨੌਜਵਾਨਾਂ ਨੂੰ ਤਿਆਰ ਕਰ ਰਹੀ ਹੈ ਭਾਰਤ ਸਰਕਾਰ**

51,000 ਤੋਂ ਵੱਧ ਨਿਯੁਕਤੀ ਪੱਤਰ ਰੁਜ਼ਗਾਰ ਮੇਲੇ ਵਿੱਚ ਵੰਡੇ | 30-31

**ਕਨੈਕਟੀਵਿਟੀ ਵੀ... ਆਤਮਨਿਰਭਰ ਭਾਰਤ ਨੂੰ ਮਜ਼ਬੂਤੀ ਵੀ**

'ਉਡਾਣ' ਦੇ 10 ਵਰ੍ਹੇ : ਭਾਰਤ ਦੀਆਂ ਉਮੀਦਾਂ ਦਾ ਉਤਸਵ | 34-35

**ਬੰਗਾਲ ਦੀਆਂ ਮਹਿਲਾਵਾਂ ਦੀ ਨਵੀਂ ਸਮਰੱਥਾ**

ਅੰਨਪੂਰਨਾ ਯੋਜਨਾ ਦੀ 3,000 ਰੁਪਏ ਦੀ ਚੌਥੀ ਕਿਸ਼ਤ ਜਾਰੀ | 36-37

**ਵਿਕਾਸ ਦੇ ਨਾਲ- ਨਾਲ ਵਾਤਾਵਰਣ ਦੀ ਸੁਰੱਖਿਆ**

ਜਲਵਾਯੂ ਪਰਿਵਰਤਨ ਦੇ ਅੰਤਰਰਾਸ਼ਟਰੀ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਦਾ ਸੰਬੋਧਨ | 38-39

**ਰਾਜਧਾਨੀ ਦੀ ਕਨੈਕਟੀਵਿਟੀ ਨੂੰ ਨਵੀਂ ਰਫ਼ਤਾਰ**

ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤਾ ਬਾਰਾਪੁਲਾ ਫੇਜ -3 ਐਲੀਵੇਟਿਡ ਕੌਰੀਡੋਰ ਦਾ ਉਦਘਾਟਨ | 42


72ਵਾਂ ਰਾਸ਼ਟਰੀ ਫਿਲਮ ਪੁਰਸਕਾਰ

## ਭਾਰਤੀ ਫਿਲਮਾਂ ਵਿੱਚ ਭਵਿੱਖ ਦੀਆਂ ਸੰਭਾਵਨਾਵਾਂ



ਰਾਸ਼ਟਰਪਤੀ ਦ੍ਰੌਪਦੀ ਮੁਰਮੂ ਵੱਲੋਂ 72ਵੇਂ ਰਾਸ਼ਟਰੀ ਫਿਲਮ ਪੁਰਸਕਾਰ ਵੰਡੇ ਗਏ | 40-41




**ਪ੍ਰਕਾਸ਼ਕ ਅਤੇ ਪ੍ਰਿੰਟਰ:** ਕੰਚਨ ਪ੍ਰਸਾਦ, ਪ੍ਰਿੰਸੀਪਲ ਡਾਇਰੈਕਟਰ ਜਨਰਲ, ਸੀਬੀਸੀ (ਕੇਂਦਰੀ ਸੰਚਾਰ ਬਿਊਰੋ)। **ਕਮਿਊਨੀਕੇਸ਼ਨ ਅਡਰੈੱਸ ਅਤੇ ਈ-ਮੇਲ :** ਕਮਰਾ ਨੰਬਰ -316, ਨੈਸ਼ਨਲ ਮੀਡੀਆ ਸੈਂਟਰ, ਰਾਏਸਿਨਾ ਰੋਡ, ਨਵੀਂ ਦਿੱਲੀ -110001, **ਈ- ਮੇਲ –responsenis@pib.gov.in ਆਰ.ਐੱਨ.ਆਈ. ਨੰਬਰ DELPUN/2020/78808**

# ਸੰਪਾਦਕ ਦੀ ਕਲਮ ਤੋਂ...

# ਸਰਦਾਰ ਪਟੇਲ ਦਾ ਵਿਚਾਰ, ਏਕਤਾ ਦਾ ਅਧਾਰ
# ਏਕ ਭਾਰਤ –ਸ਼੍ਰੇਸ਼ਠ ਭਾਰਤ ਦੇ 11 ਵਰ੍ਹੇ

ਸਾਦਰ ਨਮਸਕਾਰ

ਇੱਕ ਰਾਸ਼ਟਰ ਸਿਰਫ਼ ਮੈਪ ਜਾਂ ਭੂਗੋਲਿਕ ਸਰਹੱਦਾਂ ਨਾਲ ਨਹੀਂ ਬਣਦਾ, ਉਹ ਬਣਦਾ ਹੈ ਸੰਪੂਰਨਤਾ ਦੀ ਭਾਵਨਾ ਨਾਲ। ਇਹੋ ਭਰੋਸਾ ਭਾਰਤ ਰਤਨ ਸਰਦਾਰ ਵੱਲਭਭਾਈ ਪਟੇਲ ਨੇ ਆਜ਼ਾਦੀ ਦੇ ਤੁਰੰਤ ਬਾਅਦ ਸਥਾਪਿਤ ਕੀਤਾ ਸੀ, ਜਦੋਂ ਉਨ੍ਹਾਂ ਨੇ 550 ਤੋਂ ਵੱਧ ਬਿਖਰੀਆਂ ਰਿਆਸਤਾਂ ਨੂੰ ਇੱਕ ਰਾਸ਼ਟਰ ਦੀ ਡੋਰ ਵਿੱਚ ਪਿਰੋਇਆ। ਸਰਦਾਰ ਪਟੇਲ ਮੰਨਦੇ ਸਨ ਕਿ ਇਤਿਹਾਸ ਲਿਖਣ ਵਿੱਚ ਸਮਾਂ ਨਹੀਂ ਗੁਆਉਣਾ ਚਾਹੀਦਾ, ਸਗੋਂ ਇਤਿਹਾਸ ਬਣਾਉਣ ਦੇ ਲਈ ਮਿਹਨਤ ਕਰਨੀ ਚਾਹੀਦੀ ਹੈ। ਇਹੀ ਭਾਵਨਾ ਉਨ੍ਹਾਂ ਦੇ ਫੈਸਲਿਆਂ ਵਿੱਚ ਵੀ ਝਲਕਦੀ ਸੀ।

ਵਿਵਹਾਰ ਵਿੱਚ ਯਥਾਰਥਵਾਦੀ, ਸੰਕਲਪ ਵਿੱਚ ਸੱਚਾਈ, ਕਾਰਜਾਂ ਵਿੱਚ ਮਨੁੱਖਤਾਵਾਦੀ ਅਤੇ ਸਤਿਕਾਰ ਵਿੱਚ ਰਾਸ਼ਟਰਵਾਦੀ ਸਰਦਾਰ ਪਟੇਲ ਦੇ ਲਈ ਏਕ ਭਾਰਤ-ਸ਼੍ਰੇਸ਼ਠ ਭਾਰਤ ਦਾ ਵਿਚਾਰ ਸਭ ਤੋਂ ਉੱਪਰ ਸੀ। ਇਸੇ ਭਾਵਨਾ ਦਾ ਪ੍ਰਤੀਕ ਹੈ ਸਟੈਚੂ ਆਫ਼ ਯੂਨਿਟੀ, ਜਿਸ ਦੇ ਨਿਰਮਾਣ ਵਿੱਚ ਦੇਸ਼ ਭਰ ਦੇ ਕਿਸਾਨਾਂ ਦੇ ਖੇਤਾਂ ਵਿੱਚ ਵਰਤੇ ਗਏ ਔਜਾਰਾਂ ਦਾ ਲੋਹਾ ਇਕੱਠਾ ਕੀਤਾ ਗਿਆ।

ਉਸੇ ਵਿਰਾਸਤ ਨੂੰ ਅੱਗੇ ਵਧਾਉਂਦੇ ਹੋਏ 31 ਅਕਤੂਬਰ, 2015 ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੇਵੜੀਆ ਤੋਂ ਏਕ ਭਾਰਤ–ਸ਼੍ਰੇਸ਼ਠ ਭਾਰਤ ਦਾ ਪ੍ਰਣ ਲਿਆ। ਬੀਤੇ 11 ਵਰ੍ਹਿਆਂ ਵਿੱਚ ਇਹ ਸੰਕਲਪ ਨੀਤੀ ਦਰ ਨੀਤੀ ਸਾਕਾਰ ਹੁੰਦਾ ਗਿਆ। ਇੱਕ ਟੈਕਸ ਸਿਸਟਮ ਨੇ ਰਾਜਾਂ ਦੇ ਬਜ਼ਾਰਾਂ ਨੂੰ ਜੋੜਿਆ, ਵਨ ਰੈਂਕ ਵਨ ਪੈਨਸ਼ਨ ਨੇ ਸੈਨਿਕਾਂ ਦੇ ਦਰਮਿਆਨ ਦਹਾਕਿਆਂ ਪੁਰਾਣੀ ਅਸਮਾਨਤਾ ਮਿਟਾਈ, ਧਾਰਾ 370 ਅਕਿਰਿਆਸ਼ੀਲ ਕਰਕੇ ਜੰਮੂ- ਕਸ਼ਮੀਰ ਸਮੇਤ ਪੂਰੇ ਦੇਸ਼ ਨੂੰ ਇੱਕ ਬਰਾਬਰ ਸੰਵਿਧਾਨਕ ਅਧਿਕਾਰ ਦਿੱਤੇ ਅਤੇ ਪੂਰੇ ਦੇਸ਼ ਵਿੱਚ ਭਾਰਤੀ ਮਿਆਰੀ ਸਮੇਂ (ਇੰਡੀਅਨ ਸਟੈਂਡਰਡ ਟਾਈਮ-ਆਈਐੱਸਟੀ) ਨੂੰ ਇੱਕ ਸਮਾਨ ਸਮਾਂ ਸੰਦਰਭ ਪ੍ਰਦਾਨ ਕਰਨ ਦੇ ਲਈ ਨਿਯਮ ਬਣਾਏ ਗਏ। ਨਵੀਂ ਸਿੱਖਿਆ ਨੀਤੀ ਵਿੱਚ ਭਾਰਤੀ ਭਾਸ਼ਾਵਾਂ ‘ਤੇ ਜ਼ੋਰ ਅਤੇ ਤਮਿਲ, ਤੇਲਗੂ, ਸੰਸਕ੍ਰਿਤ, ਮਲਿਆਲਮ, ਉੜੀਆ ਅਤੇ ਕੰਨੜ ਦੇ ਨਾਲ ਮਰਾਠੀ, ਬੰਗਲਾ, ਅਸਮੀਆ, ਪਾਲੀ ਅਤੇ ਪ੍ਰਾਕ੍ਰਿਤ ਨੂੰ ਸ਼ਾਸਤਰੀ ਭਾਸ਼ਾਵਾਂ ਦਾ ਦਰਜਾ ਦੇਣਾ ਵੀ ਇਸੇ ਏਕਤਾ ਨੂੰ ਮਜ਼ਬੂਤ ਕਰਦਾ ਹੈ। ਤੇਜ਼ ਗਤੀ ਨਾਲ ਬਣ ਰਹੇ ਰੇਲ, ਰੋਡ, ਹਾਈਵੇਅ ਅਤੇ ਇੰਟਰਨੈੱਟ ਨੈੱਟਵਰਕ ਨੇ ਵੀ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਦੇ ਹੋਏ ਇਸੇ ਏਕਤਾ ਨੂੰ ਬਲ ਪਹੁੰਚਾਇਆ ਹੈ।

ਹਰ ਵਰ੍ਹੇ ਦੀ ਤਰ੍ਹਾਂ ਇਸ ਵਰ੍ਹੇ ਵੀ ਜਦੋਂ 31 ਅਕਤੂਬਰ ਨੂੰ ਸਰਦਾਰ ਪਟੇਲ ਦੀ ਜਯੰਤੀ ਮਨਾਈ ਜਾ ਰਹੀ ਹੈ ਉਦੋਂ ਇਹ ਮੌਕਾ ਸਿਰਫ਼ ਉਨ੍ਹਾਂ ਨੂੰ ਯਾਦ ਕਰਨ ਦਾ ਨਹੀਂ, ਸਗੋਂ ਸੰਕਲਪ ਦੇ ਨਵੀਨੀਕਰਣ ਦਾ ਵੀ ਹੈ। ਅਜਿਹੇ ਵਿੱਚ 11 ਵਰ੍ਹੇ ਪਹਿਲਾਂ ਪੈਦਾ ਹੋਈ ਏਕ ਭਾਰਤ-ਸ਼੍ਰੇਸ਼ਠ ਭਾਰਤ ਦੀ ਭਾਵਨਾ ਕਿਵੇਂ ਨੀਤੀ- ਨਿਰਮਾਣ ਅਤੇ ਵਿਵਸਥਾਵਾਂ ਦੇ ਏਕੀਕਰਣ ਦਾ ਸੰਕਲਪ ਬਣ ਗਈ, ਇਹੀ ਇਸ ਵਾਰ ਰਾਸ਼ਟਰੀ ਏਕਤਾ ਦਿਵਸ ਦੇ ਜਸ਼ਨ ਵਿੱਚ ਸਾਡੀ ਕਵਰ ਸਟੋਰੀ ਬਣੀ ਹੈ।

ਇਸ ਤੋਂ ਇਲਾਵਾ ਸ਼ਖ਼ਸੀਅਤ ਦੀ ਕੜੀ ਵਿੱਚ ਜਲ, ਜੰਗਲ, ਜ਼ਮੀਨ ਦਾ ਪਹਿਲੀ ਵਾਰ ਨਾਅਰਾ ਦੇਣ ਵਾਲੇ ਕੋਮਾਰਮ ਭੀਮ, ਕੇਂਦਰੀ ਕੈਬਨਿਟ ਦੇ ਫ਼ੈਸਲੇ, ਫਲੈਗਸ਼ਿਪ ਵਿੱਚ ਉਡਾਣ ਯੋਜਨਾ ਦੇ 10 ਵਰ੍ਹਿਆਂ ‘ਤੇ ਵਿਸ਼ੇਸ਼ ਸਮੱਗਰੀ ਅਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਪਖਵਾੜੇ ਭਰ ਦੇ ਪ੍ਰੋਗਰਾਮਾਂ ਨੂੰ ਇਸ ਵਿੱਚ ਸ਼ਾਮਲ ਕੀਤਾ ਗਿਆ ਹੈ।

ਨਾਲ ਹੀ, ਪੱਤ੍ਰਿਕਾ ਦੇ ਇਨਸਾਈਡ ਪੇਜ ‘ਤੇ ਮਨ ਕੀ ਬਾਤ ਅਤੇ ਬੈਕ ਕਵਰ ‘ਤੇ 21 ਅਕਤੂਬਰ ਨੂੰ ਆਜ਼ਾਦ ਹਿੰਦ ਸਰਕਾਰ ਦੇ ਸਥਾਪਨਾ ਦਿਵਸ ‘ਤੇ ਵਿਸ਼ੇਸ਼ ਸਮੱਗਰੀ ਸ਼ਾਮਲ ਹੈ।

ਤੁਸੀਂ ਆਪਣੇ ਸੁਝਾਅ ਸਾਨੂੰ ਭੇਜਦੇ ਰਹੋ।

**(ਧੀਰੇਂਦਰ ਓਝਾ)**

**ਹਿੰਦੀ, ਅੰਗ੍ਰੇਜ਼ੀ ਅਤੇ ਹੋਰ 11 ਭਾਸ਼ਾਵਾਂ ਵਿੱਚ ਉਪਲਬਧ ਪੱਤ੍ਰਿਕਾ ਪੜ੍ਹੋ /ਡਾਊਨਲੋਡ ਕਰੋ।**
**https://newindiasamachar.pib.gov.in/news.aspx**

# ਆਪਕੀ ਬਾਤ...






## ਖੁਦ ਨੂੰ ਅਪਡੇਟ ਰੱਖਣ ਵਿੱਚ ਬਹੁਤ ਉਪਯੋਗੀ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ

ਮੈਂ 'ਨਿਊ ਇੰਡੀਆ ਸਮਾਚਾਰ' ਦੀ ਨਿਯਮਿਤ ਪਾਠਕ ਹਾਂ ਅਤੇ ਇਹ ਪੱਤ੍ਰਿਕਾ ਭਾਰਤ ਸਰਕਾਰ ਦੀਆਂ ਯੋਜਨਾਵਾਂ, ਨੀਤੀਆਂ ਅਤੇ ਕਰੰਟ ਅਫੇਅਰਸ ਮਾਮਲਿਆਂ ਬਾਰੇ ਖੁਦ ਨੂੰ ਅਪਡੇਟ ਰੱਖਣ ਦੇ ਲਈ ਬਹੁਤ ਉਪਯੋਗੀ ਲੱਗਦੀ ਹੈ। ਇਹ ਪੱਤ੍ਰਿਕਾ ਦੇਸ਼ ਦੀ ਤਰੱਕੀ ਬਾਰੇ ਮੇਰੀ ਜਾਣਕਾਰੀ ਵਧਾਉਂਦੀ ਹੈ। ਮੈਨੂੰ ਇੱਕ ਜ਼ਿੰਮੇਵਾਰ ਨਾਗਰਿਕ ਦੇ ਤੌਰ 'ਤੇ ਜ਼ਿਆਦਾ ਸਮਝਣ ਅਤੇ ਹਿੱਸਾ ਲੈਣ ਦੇ ਲਈ ਪ੍ਰੇਰਿਤ ਕਰਦੀ ਹੈ।

ਨਿਵੇਸ਼ ਗੋਇਲ

**goyalnivesh98@gmail.com**

## ਨਵੇਂ ਅੰਕ ਦੀ ਬੇਸਬਰੀ ਨਾਲ ਰਹਿੰਦੀ ਹੈ ਉਡੀਕ

ਮੈਨੂੰ ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਪੜ੍ਹਨਾ ਬਹੁਤ ਪਸੰਦ ਹੈ। ਮੈਂ ਇਸ ਦੇ ਨਵੇਂ ਅੰਕ ਦੀ ਬੇਸਬਰੀ ਨਾਲ ਉਡੀਕ ਕਰਦਾ ਹਾਂ। ਹਰ ਵਾਰ ਇਸ ਨੂੰ ਪੜ੍ਹਨ 'ਤੇ ਮੈਨੂੰ ਭਾਰਤ ਦੀ ਸੱਭਿਆਚਾਰਕ ਅਤੇ ਧਾਰਮਿਕ ਵਿਭਿੰਨਤਾ ਬਾਰੇ ਵਧੇਰੇ ਜਾਣਨ ਨੂੰ ਮਿਲਦਾ ਹੈ। ਨਾਲ ਹੀ, ਇਹ ਪੱਤ੍ਰਿਕਾ ਭਾਰਤ ਦੀਆਂ ਵਿਕਾਸ ਦੀਆਂ ਸੰਭਾਵਨਾਵਾਂ ਨੂੰ ਵੀ ਦਰਸਾਉਂਦੀ ਹੈ। ਇਹ ਦਰਸਾਉਂਦੀ ਹੈ ਕਿ ਕਿਵੇਂ ਦੇਸ਼ 'ਵਿਕਸਿਤ ਭਾਰਤ 2047' ਦੇ ਟੀਚੇ ਨੂੰ ਪ੍ਰਾਪਤ ਕਰਨ ਦੇ ਲਈ ਹਰ ਖੇਤਰ ਵਿੱਚ ਤੇਜ਼ੀ ਨਾਲ ਵਧ ਰਿਹਾ ਹੈ।

**shivanshchouhan397@gmail.com**

## ਸਾਡੇ ਟੀਚਿਆਂ ਦੇ ਸਫ਼ਰ ਦਾ ਇੱਕ ਸਟੈਂਡਰਡ ਡੌਕਿਊਮੈਂਟ

'ਨਿਊ ਇੰਡੀਆ ਸਮਾਚਾਰ' ਪੱਤ੍ਰਿਕਾ ਪਹਿਲੀ ਵਾਰ ਲਗਭਗ ਪੂਰੀ ਪੜ੍ਹੀ। ਹੁਣ ਉਡੀਕ ਰਹੇਗੀ ਕਿ ਅਗਲੀ ਮੇਲ ਕਦੋਂ ਮਿਲਦੀ ਹੈ। ਇਸ ਵਿੱਚ ਬਹੁਤ ਕੰਮ ਦੀ ਖਬਰ ਮਿਲਦੀ ਹੈ। ਦੇਸ਼ ਦੇ ਵਿਕਾਸ ਦੇ ਕਦੇ ਵੀ ਨਾ ਰੁਕਣ ਵਾਲੇ ਸਫਰ ਦੀ ਕਹਾਣੀ ਅਤੇ ਸਾਡੇ ਟੀਚਿਆਂ ਦੇ ਸਫਰ ਦਾ ਇੱਕ ਸਟੈਂਡਰਡ ਡੌਕਿਊਮੈਂਟ। ਭਾਰਤ ਹਮੇਸ਼ਾ ਤੋਂ ਗਿਆਨ ਦਾ ਕੇਂਦਰ ਰਿਹਾ ਹੈ। ਮੇਰਾ ਇੱਕ ਸੁਝਾਅ ਹੈ ਕਿ ਵਿਕਾਸ ਦੀਆਂ ਜੜ੍ਹਾਂ ਸੰਚਿਤ ਕਰਨ ਦੇ ਲਈ ਬਾਲ ਵਿਕਾਸ ਵੀ ਲਾਜ਼ਮੀ ਹੈ। ਇਸ ਲਈ ਬਾਲ ਵਿਕਾਸ ਪਰੰਪਰਾ ਨੂੰ ਸਾਡੀ ਇਸ ਪੱਤ੍ਰਿਕਾ ਵਿੱਚ ਥਾਂ ਮਿਲਣੀ ਚਾਹੀਦੀ ਹੈ ਤਾਂ ਜੋ ਇਸ ਪਲੈਟਫਾਰਮ ਰਾਹੀਂ ਭਵਿੱਖ ਨੂੰ ਸੁਰੱਖਿਅਤ ਕੀਤਾ ਜਾ ਸਕੇ।

**nanda.purnimaa@gmail.com**

## ਪੱਤ੍ਰਿਕਾ ਵਿੱਚ ਪ੍ਰਕਾਸ਼ਿਤ ਹੁੰਦੀ ਹੈ ਵਿਸਤ੍ਰਿਤ ਜਾਣਕਾਰੀ

ਨਿਊ ਇੰਡੀਆ ਸਮਾਚਾਰ ਪੱਤ੍ਰਿਕਾ ਸੱਤ ਵਰ੍ਹਿਆਂ ਤੋਂ ਪ੍ਰਕਾਸ਼ਿਤ ਹੋ ਰਹੀ ਹੈ। ਇਹ ਬਹੁਤ ਪੜ੍ਹੀ ਜਾਣ ਵਾਲੀ ਪੰਦਰਵਾੜਾ ਪੱਤ੍ਰਿਕਾ ਹੈ। ਇਸ ਵਿੱਚ ਵੱਖ-ਵੱਖ ਸਕੀਮਾਂ, ਵੱਡੇ ਪ੍ਰੋਜੈਕਟ, ਨਵੀਂ ਐਜੂਕੇਸ਼ਨ ਪੌਲਿਸੀ, ਕਾਨੂੰਨ ਵਿੱਚ ਵੱਡੀਆਂ ਤਬਦੀਲੀਆਂ, ਵਾਤਾਵਰਣ ਦੀ ਰੱਖਿਆ ਦੇ ਲਈ ਕੀਤੀਆਂ ਗਈਆਂ ਕੋਸ਼ਿਸ਼ਾਂ ਅਤੇ ਆਲਮੀ ਪੱਧਰ 'ਤੇ ਮਜ਼ਬੂਤ ਟ੍ਰੇਡ ਰਿਲੇਸ਼ਨ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਕਾਸ਼ਿਤ ਹੁੰਦੀ ਹੈ। ਇਸ ਪੱਤ੍ਰਿਕਾ ਦੁਆਰਾ ਮੇਰੀ ਜਾਣਕਾਰੀ ਹੋਰ ਵਧੀ ਹੈ।

ਯੋਗੇਸ਼ਵਰ ਬੁਵਾ

**buwayogesh82@gmail.com**


**ਕਮਿਊਨੀਕੇਸ਼ਨ ਅਡਰੈੱਸ ਅਤੇ ਈਮੇਲ : ਕਮਰਾ ਨੰਬਰ -1077, ਸੂਚਨਾ ਭਵਨ, ਸੀਜੀਓ ਕੰਪਲੈਕਸ, ਨਵੀਂ ਦਿੱਲੀ- 110003**

**ਈਮੇਲ- response-nis@pib.gov.in**

ਸਮਾਚਾਰ ਸਾਰ

## ਪੀਐੱਮ ਵਿਸ਼ਵਕਰਮਾ ਯੋਜਨਾ

# ‘ਸਨਮਾਨ, ਸਮਰੱਥਾ ਅਤੇ ਸਮ੍ਰਿੱਧੀ ’ ਦੇ ਤਿੰਨ ਵਰ੍ਹੇ, 30 ਲੱਖ ਕਾਰੀਗਰ ਰਜਿਸਟਰਡ







ਦੇਸ਼ ਵਿੱਚ ਕਾਰੀਗਰਾਂ ਦਾ ਸਨਮਾਨ, ਸਮਰੱਥਾ ਅਤੇ ਉਨ੍ਹਾਂ ਦੀ ਸਮ੍ਰਿੱਧੀ ਵਧਾਉਣ ਦੇ ਉਦੇਸ਼ ਨਾਲ ਸ਼ੁਰੂ ਪ੍ਰਧਾਨ ਮੰਤਰੀ ਵਿਸ਼ਵਕਰਮਾ ਯੋਜਨਾ ਨਾਲ ਸ਼ੁਰੂਆਤੀ ਤਿੰਨ ਵਰ੍ਹਿਆਂ ਵਿੱਚ ਹੀ 30 ਲੱਖ ਤੋਂ ਵੱਧ ਕਾਰੀਗਰ ਜੁੜ ਗਏ ਹਨ। 17 ਸਤੰਬਰ 2023 ਨੂੰ ਸ਼ੁਰੂ ਹੋਈ ਇਸ ਯੋਜਨਾ ਵਿੱਚ ਲਗਭਗ 24.50 ਲੱਖ ਲੋਕਾਂ ਨੂੰ ਬੁਨਿਆਦੀ ਕੌਸ਼ਲ ਸਿਖਲਾਈ ਦਿੱਤੀ ਗਈ ਹੈ। ਇਸ ਤੋਂ ਇਲਾਵਾ, ਇੰਡੀਆ ਪੋਸਟ ਦੇ ਜ਼ਰੀਏ 18.15 ਲੱਖ ਆਧੁਨਿਕ ਟੂਲ ਕਿੱਟਾਂ ਵੰਡੀਆਂ ਜਾ ਚੁੱਕੀਆਂ ਹਨ।

ਕੋਲਕਾਤਾ ਵਿੱਚ ਪੀਐੱਮ ਵਿਸ਼ਵਕਰਮਾ ਯੋਜਨਾ ਦੀ ਤੀਜੀ ਵਰ੍ਹੇਗੰਢ ‘ਤੇ ਕੇਂਦਰੀ ਸੂਖਮ, ਛੋਟੇ ਅਤੇ ਦਰਮਿਆਨੇ ਉੱਦਮ ਮੰਤਰੀ ਜੀਤਨ ਰਾਮ ਮਾਂਝੀ ਨੇ ਦੱਸਿਆ ਕਿ 6.18 ਲੱਖ ਵਿਸ਼ਵਕਰਮਾ ਲਾਭਪਾਤਰੀਆਂ ਨੂੰ 5 ਪ੍ਰਤੀਸ਼ਤ ਸਲਾਨਾ ਰਿਆਇਤੀ ਵਿਆਜ ਦਰ ‘ਤੇ 1 ਲੱਖ ਰੁਪਏ ਤੱਕ ਦਾ ਲੋਨ ਦਿੱਤਾ ਗਿਆ ਹੈ ਜਿਸ ਦੀ ਕੁੱਲ ਰਾਸ਼ੀ 5,297 ਕਰੋੜ ਰੁਪਏ ਹੈ। ਪੱਛਮ ਬੰਗਾਲ ਵਿੱਚ ਇਸ ਸਕੀਮ ਨੂੰ ਲਾਗੂ ਕਰਨ ਦਾ ਫੈਸਲਾ ਕੀਤਾ ਗਿਆ ਸੀ; ਇਸ ਨੂੰ ਰਾਜ ਵਿੱਚ ਮਈ 2026 ਵਿੱਚ ਲਾਗੂ ਕੀਤਾ ਗਿਆ ਸੀ ਅਤੇ 7 ਲੱਖ ਤੋਂ ਵੱਧ ਲੋਕਾਂ ਨੇ ਇਸ ਲਈ ਅਰਜ਼ੀ ਦਿੱਤੀ ਹੈ।

## ਪ੍ਰੋਜੈਕਟ ਚੀਤਾ ਤੋਂ ਬਾਅਦ ਹੁਣ ‘ਪ੍ਰੋਜੈਕਟ ਰਾਇਨੋ’ ਦੀ ਸ਼ੁਰੂਆਤ

ਅਸਾਮ ਦੇਸ਼ ਦਾ ਇੱਕੋ ਇੱਕ ਅਜਿਹਾ ਸਥਾਨ ਹੈ ਜਿੱਥੇ ਦੁਨੀਆ ਦੇ ਲਗਭਗ 80% ਇੱਕ ਸਿੰਗ ਵਾਲੇ ਗੈਂਡੇ ਪਾਏ ਜਾਂਦੇ ਹਨ। ਇਹੋ ਕਾਰਨ ਹੈ ਕਿ ਵਿਸ਼ਵ ਗੈਂਡਾ ਦਿਵਸ ਦੇ ਮੌਕੇ ‘ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਅਸਾਮ ਦੇ ਕਾਜੀਰੰਗਾ ਵਿੱਚ ਸ਼ਿਕਾਰ ਨੂੰ ਰੋਕਣ ਦੇ ਯਤਨਾਂ ਦੀ ਸ਼ਲਾਘਾ ਕੀਤੀ ਅਤੇ ਦੇਸ਼ ਵਿੱਚ ਗੈਂਡਿਆਂ ਦੀ ਸੰਭਾਲ ਨੂੰ ਹੋਰ ਮਜ਼ਬੂਤ ਕਰਨ ਦੇ ਲਈ ‘ਪ੍ਰੋਜੈਕਟ ਰਾਇਨੋ’ ਸ਼ੁਰੂ ਕਰਨ ਦਾ ਐਲਾਨ ਕੀਤਾ।

‘ਪ੍ਰੋਜੈਕਟ ਰਾਇਨੋ’ ਦੇ ਤਹਿਤ ਗੈਂਡਿਆਂ ਵਾਲੇ ਰਾਜਾਂ ਨੂੰ ਆਰਥਿਕ ਅਤੇ ਤਕਨੀਕੀ ਮਦਦ ਦਿੱਤੀ ਜਾਵੇਗੀ। ਇਸ ਦੇ ਜ਼ਰੀਏ ਗੈਂਡਿਆਂ ਦੀ ਸੁਰੱਖਿਆ, ਉਨ੍ਹਾਂ ਦੇ ਰਹਿਣ ਦੇ ਟਿਕਾਣਿਆਂ ਦੀ ਦੇਖਭਾਲ, ਉਨ੍ਹਾਂ ਦੀ ਨਸਲ ਵਧਾਉਣ ਅਤੇ ਉਨ੍ਹਾਂ ਦੀ ਸੰਖਿਆ ‘ਤੇ ਨਜ਼ਰ ਰੱਖਣ ਵਰਗੇ ਕੰਮ ਹੋਣਗੇ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਦੱਸਿਆ ਕਿ ਬਿਹਾਰ ਅਤੇ ਪੱਛਮ ਬੰਗਾਲ ਦੇ ਕੁਝ ਇਲਾਕਿਆਂ ਵਿੱਚ ਗੈਂਡੇ ਜਾਂ ਤਾਂ ਵਾਪਸ ਪਰਤ ਆਏ ਹਨ ਜਾਂ ਉਨ੍ਹਾਂ ਦੀ ਵਧੀਆ ਦੇਖਭਾਲ ਹੋ ਰਹੀ ਹੈ। ਉੱਤਰ ਪ੍ਰਦੇਸ਼ ਦੇ ਦੁਧਵਾ ਵਿੱਚ ਵੀ ਗੈਂਡਿਆਂ ਨੂੰ ਮੁੜ ਵਸਾਉਣ ਦੀ ਕੋਸ਼ਿਸ਼ ਕਾਮਯਾਬ ਰਹੀ ਹੈ। ਉਨ੍ਹਾਂ ਨੇ ਕਿਹਾ ਕਿ ਇਹ ਸਫਲਤਾਵਾਂ ਜੰਗਲੀ ਜੀਵਾਂ ਦੀ ਰੱਖਿਆ ਅਤੇ ਉਨ੍ਹਾਂ ਦੀ ਬਿਹਤਰ ਦੇਖਭਾਲ ਦੇ ਪ੍ਰਤੀ ਲੋਕਾਂ ਦੇ ਲਗਾਤਾਰ ਸਮਰਪਣ ਨੂੰ ਦਰਸਾਉਂਦੀਆਂ ਹਨ।



## ਵਿਦੇਸ਼ਾਂ ਵਿੱਚ ਰੁਜ਼ਗਾਰ ਦੇ ਲਈ ਭਾਰਤ ਵਿੱਚ ਹੁਨਰ ਵਿਕਾਸ

ਭਾਰਤ ਸਰਕਾਰ ਨਾ ਸਿਰਫ਼ ਦੇਸ਼ ਵਿੱਚ ਰੁਜ਼ਗਾਰ ਦੇ ਮੌਕੇ ਵਧਾ ਰਹੀ ਹੈ ਸਗੋਂ ਵਿਦੇਸ਼ਾਂ ਵਿੱਚ ਉਪਲਬਧ ਮੌਕਿਆਂ ਦੇ ਹਿਸਾਬ ਨਾਲ ਨੌਜਵਾਨਾਂ ਨੂੰ ਹੁਨਰ ਵਿਕਾਸ ਨਾਲ ਜੋੜ ਰਹੀ ਹੈ। ਹੁਨਰ ਵਿਕਾਸ ਅਤੇ ਉੱਦਮਤਾ ਮੰਤਰਾਲੇ (ਐੱਮਐੱਸਡੀਈ) ਨੇ ਹੁਣ ਤੱਕ ਲਗਭਗ 20 ਦੇਸ਼ਾਂ ਦੇ ਨਾਲ ਕੁਸ਼ਲ ਨੌਕਰੀ ਭੂਮਿਕਾਵਾਂ ਨੂੰ ਉਨ੍ਹਾਂ ਦੀ ਮੰਗ ਦੇ ਅਨੁਸਾਰ ਬਣਾਉਣ ਦੀ ਪ੍ਰਕਿਰਿਆ ਸ਼ੁਰੂ ਕੀਤੀ ਹੈ।

ਨੀਤੀ ਆਯੋਗ ਨੇ ਮਈ 2026 ਦੇ ਕਾਰਜ ਪੱਤਰ ਦੇ ਅਨੁਸਾਰ, ਭਾਰਤ ਦੀ ਪ੍ਰਵਾਸੀ ਆਬਾਦੀ 1.85 ਕਰੋੜ ਹੈ। ਐੱਮਐੱਸਡੀਈ ਨੇ ਅੱਠ ਦੇਸ਼ਾਂ –ਆਸਟ੍ਰੇਲੀਆ, ਡੈੱਨਮਾਰਕ, ਫਰਾਂਸ, ਜਰਮਨੀ, ਜਾਪਾਨ, ਕਤਰ, ਸਿੰਗਾਪੁਰ ਅਤੇ ਯੂਏਈ ਦੇ ਨਾਲ ਸਕਿੱਲ ਐਂਡ ਟ੍ਰੇਨਿੰਗ ਸਹਿਯੋਗ ਦੇ ਲਈ ਸਮਝੌਤੇ ਕੀਤੇ ਹਨ। ਨਾਲ ਹੀ ਵਿਦੇਸ਼ ਮੰਤਰਾਲੇ ਨੇ 22 ਪ੍ਰਵਾਸਨ ਅਤੇ ਕਿਰਤ ਗਤੀਸ਼ੀਲਤਾ ਸਮਝੌਤਿਆਂ ‘ਤੇ ਹਸਤਾਖਰ ਕੀਤੇ ਹਨ, ਜਿਨ੍ਹਾਂ ਵਿੱਚ ਹੁਨਰ ਵਿਕਾਸ ਸਬੰਧੀ ਵਿਸ਼ੇਸ਼ ਪ੍ਰਾਵਧਾਨ ਸ਼ਾਮਲ ਹਨ।

# MY ਭਾਰਤ ਨਾਲ ਜੁੜੇ 3 ਕਰੋੜ ਯੁਵਾ... ਭਾਗੀਦਾਰੀ ਦਾ ਮਜ਼ਬੂਤ ਸੰਕਲਪ

ਯੁਵਾ ਸ਼ਮੂਲੀਅਤ ਦੇ ਸਭ ਤੋਂ ਵੱਡੇ ਮੰਚ ਵਿੱਚੋਂ ਇੱਕ 'ਮੇਰਾ ਯੁਵਾ ਭਾਰਤ ((https://mybharat.gov.in/) ਦੁਆਰਾ ਤਿੰਨ ਵਰ੍ਹਿਆਂ ਤੋਂ ਵੀ ਘੱਟ ਸਮੇਂ ਵਿੱਚ 3 ਕਰੋੜ ਤੋਂ ਵੱਧ  ਯੁਵਾ ਜੁੜ ਗਏ ਹਨ। ਇਹ ਪ੍ਰਾਪਤੀ ਅਗਵਾਈ, ਅਨੁਭਵਾਤਮਕ ਲਰਨਿੰਗ, ਸਵੈ ਸੇਵਾ, ਨਾਗਰਿਕ ਸ਼ਮੂਲੀਅਤ ਅਤੇ ਰਾਸ਼ਟਰ -ਨਿਰਮਾਣ ਨਾਲ ਜੁੜੇ ਮੌਕਿਆਂ ਵਿੱਚ ਨੌਜਵਾਨਾਂ ਦੀ ਵਧ ਰਹੀ ਭਾਗੀਦਾਰੀ ਦਾ ਪ੍ਰਤੀਕ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 31 ਅਕਤੂਬਰ 2023 ਨੂੰ MY ਭਾਰਤ ਦੀ ਸ਼ੁਰੂਆਤ ਕੀਤੀ ਸੀ। MY ਭਾਰਤ ਦੇ ਜ਼ਰੀਏ ਵਿਕਸਿਤ ਭਾਰਤ ਯੁਵਾ ਨੇਤਾ ਸੰਵਾਦ 2027' ਵਰਗੀ ਪਹਿਲ ਚਲਾਈ ਜਾ ਰਹੀ ਹੈ, ਜੋ ਕਿ ਨੌਜਵਾਨਾਂ ਨੂੰ ਵਿਚਾਰ, ਰਚਨਾਤਮਕਤਾ, ਅਗਵਾਈ ਅਤੇ ਨਵੀਨਤਾ ਪ੍ਰਦਰਸ਼ਿਤ ਕਰਨ ਦੇ ਮੌਕੇ ਦਿੰਦੀ ਹੈ। ਇਸ ਦੀ ਸ਼ੁਰੂਆਤ ਵਿਕਸਿਤ ਭਾਰਤ ਕੁਇਜ਼ ਨਾਲ 17 ਅਗਸਤ 2026 ਨੂੰ ਹੋਈ।



# ਭਾਰਤ ਦੀ ਬਿਜਲੀ ਨਾਲ ਨੇਪਾਲ ਰੌਸ਼ਨ

ਗੁਆਂਢੀ ਪ੍ਰਥਮ ਦੀ ਭਾਵਨਾ ਦੇ ਤਹਿਤ ਭਾਰਤ ਨੇ ਹੁਣ ਨੇਪਾਲ ਨੂੰ ਹਰ ਰੋਜ਼ 18 ਘੰਟੇ (ਰਾਤ 12 ਵਜੇ ਤੋਂ ਸ਼ਾਮ 6 ਵਜੇ ਤੱਕ) ਬਿਜਲੀ ਸਪਲਾਈ ਸ਼ੁਰੂ ਕਰ ਦਿੱਤੀ ਹੈ। ਇਹ ਫ਼ੈਸਲਾ ਭਾਰਤ ਅਤੇ ਨੇਪਾਲ ਦੇ ਦਰਮਿਆਨ ਡੂੰਘੇ ਅਤੇ ਲੰਬੇ ਸਮੇਂ ਦੇ ਊਰਜਾ ਸਹਿਯੋਗ ਨੂੰ ਹੋਰ ਮਜ਼ਬੂਤ ਕਰੇਗਾ।

ਬਿਜਲੀ ਮੰਤਰਾਲੇ ਨੇ ਨੇਪਾਲ ਪਾਵਰ ਅਥਾਰਿਟੀ ਨੂੰ 13 ਸਤੰਬਰ ਤੋਂ ਬਿਜਲੀ ਨਿਰਯਾਤ ਸ਼ੁਰੂ ਕਰ ਦਿੱਤਾ ਹੈ, ਜੋ ਕਿ 31 ਦਸੰਬਰ, 2026 ਤੱਕ ਇਸੇ ਤਰ੍ਹਾਂ ਹੀ ਜਾਰੀ ਰਹੇਗਾ। ਜਨਵਰੀ 2027 ਤੋਂ ਬਿਜਲੀ ਦੀ ਕਿੰਨੀ ਮਾਤਰਾ ਅਤੇ ਕਿੰਨੀ ਦੇਰ ਤੱਕ ਸਪਲਾਈ ਕੀਤੀ ਜਾਵੇਗੀ, ਇਸ ਦੀ ਸਮੀਖਿਆ ਬੈਠਕ ਦਸੰਬਰ, 2026 ਵਿੱਚ ਕੀਤੀ ਜਾਵੇਗੀ। ਨੇਪਾਲ ਵਿੱਚ ਆਏ ਹੜ੍ਹ ਦੀ ਆਫਤ ਤੋਂ ਬਾਅਦ ਉੱਥੇ ਪਾਵਰ ਇਨਫ੍ਰਾਸਟ੍ਰਕਚਰ ਨੂੰ ਭਾਰੀ ਨੁਕਸਾਨ ਹੋਇਆ ਅਤੇ ਬਿਜਲੀ ਸਪਲਾਈ ਪ੍ਰਭਾਵਿਤ ਹੋਈ ਹੈ। ਮੁਜ਼ੱਫਰਪੁਰ- ਢਾਲਕੇਬਰ 400 ਕੇਵੀ ਡੀਸੀ ਲਾਈਨ ਦੁਆਰਾ 600 ਮੈਗਾਵਾਟ ਤੱਕ ਅਤੇ ਤਨਕਪੁਰ- ਮਹੇਂਦਰਨਗਰ 132 ਕੇਵੀ ਐੱਸ/ ਸੀ ਲਾਈਨ ਦੁਆਰਾ 54 ਮੈਗਾਵਾਟ ਤੱਕ ਬਿਜਲੀ ਦਿੱਤੀ ਜਾਵੇਗੀ।




# ਭਾਰਤ ਵਿੱਚ ਸੋਇਲ ਕਾਰਬਨ ਦੇ ਲਈ ਪਹਿਲੀ ਵਾਰ ਕਿਸਾਨਾਂ ਨੂੰ ਪੈਸਾ

ਪੰਜਾਬ ਅਤੇ ਹਰਿਆਣਾ ਵਿੱਚ ਵਾਤਾਵਰਣ ਅਤੇ ਕੁਦਰਤੀ ਸੰਸਾਧਨਾਂ ਦੀ ਰੱਖਿਆ ਕਰਨ ਵਾਲੇ ਖੇਤੀ ਦੇ ਨਵੇਂ ਤਰੀਕੇ ਅਪਣਾਏ ਗਏ, ਜਿਸ ਨਾਲ ਕਿਸਾਨਾਂ ਨੂੰ ਆਰਥਿਕ ਲਾਭ ਹੋਇਆ। ਮਿੱਟੀ ਦੀ ਸਿਹਤ ਸੁਧਾਰਨ ਵਾਲੀ ਇਸ ਅਨੋਖੀ ਪਹਿਲ ਦੇ ਤਹਿਤ 2500 ਤੋਂ ਵੱਧ ਕਿਸਾਨਾਂ ਨੂੰ 3,000 ਤੋਂ 15,000 ਰੁਪਏ ਦੇ ਹਿਸਾਬ ਨਾਲ ਕੁੱਲ ਲਗਭਗ 2.9 ਕਰੋੜ ਰੁਪਏ ਦਿੱਤੇ ਗਏ। ਦੇਸ਼ ਵਿੱਚ ਪਹਿਲੀ ਵਾਰ ਸ਼ੁਰੂ ਹੋਇਆ ਇਹ ਪ੍ਰੋਗਰਾਮ ਹੁਣ 7 ਰਾਜਾਂ ਵਿੱਚ 1 ਲੱਖ ਤੋਂ ਵੱਧ ਕਿਸਾਨਾਂ ਅਤੇ 20 ਲੱਖ (2 ਮਿਲੀਅਨ) ਏਕੜ ਤੋਂ ਵੱਧ ਜ਼ਮੀਨ ਤੱਕ ਫੈਲ ਚੁੱਕਿਆ ਹੈ।

ਇਸ ਪ੍ਰੋਗਰਾਮ ਦੀ ਸ਼ੁਰੂਆਤ ਪੰਜਾਬ ਐਗਰੀਕਲਚਰ ਯੂਨੀਵਰਸਿਟੀ (ਲੁਧਿਆਣਾ) ਤੋਂ ਹੋਈ ਸੀ। ਇਸ ਦੇ ਤਹਿਤ ਕਿਸਾਨਾਂ ਨੂੰ ਇਹ ਭੁਗਤਾਨ 'ਗ੍ਰੋ ਇੰਡੀਗੋ' ਦੇ 'ਆਦਿ' ਕਾਰਬਨ ਪ੍ਰੋਗਰਾਮ ਰਾਹੀਂ ਮਿਲ ਰਿਹਾ ਹੈ, ਜੋ ਕਿ 2019 ਵਿੱਚ ਸ਼ੁਰੂ ਹੋਇਆ ਸੀ। 2019 ਤੋਂ 2022 ਦੇ ਦੌਰਾਨ ਕਿਸਾਨਾਂ ਨੇ ਝੋਨੇ ਦੀ ਸਿੱਧੀ ਬਿਜਾਈ, ਘੱਟ ਵਹਾਈ ਅਤੇ ਪਰਾਲੀ ਪ੍ਰਬੰਧਨ ਵਰਗੀਆਂ ਤਕਨੀਕਾਂ ਅਪਣਾਈਆਂ। ਪ੍ਰੋਗਰਾਮ ਦੇ ਅਨੁਸਾਰ, ਇਨ੍ਹਾਂ ਤਰੀਕਿਆਂ ਨਾਲ 45 ਅਰਬ ਲੀਟਰ ਪਾਣੀ ਬਚਿਆ, 2 ਲੱਖ ਟਨ ਤੋਂ ਵੱਧ ਪਰਾਲੀ ਸੜਨ ਤੋਂ ਰੁਕੀ ਅਤੇ ਹਵਾ ਵਿੱਚ ਲਗਭਗ 1,000 ਟਨ ਹਾਨੀਕਾਰਕ PM2.5 ਕਣਾਂ ਦੀ ਨਿਕਾਸੀ ਵੀ ਘੱਟ ਹੋਈ। ▪



# ਜਿਨ੍ਹਾਂ ਨੇ ਦਿੱਤਾ ਜਲ, ਜੰਗਲ, ਜ਼ਮੀਨ ਦਾ ਨਾਅਰਾ



*ਦਲੇਰੀ ਅਤੇ ਬਲੀਦਾਨ ਦੀ ਮਿਸਾਲ ਮੰਨੇ ਜਾਣ ਵਾਲੇ ਕੋਮਾਰਮ ਭੀਮ ਇੱਕ ਬਹਾਦਰ ਕਬਾਇਲੀ ਯੋਧਾ ਸਨ। ਜਿਨ੍ਹਾਂ ਨੇ ਪਹਿਲੀ ਵਾਰ ਜਲ, ਜੰਗਲ ਅਤੇ ਜ਼ਮੀਨ ਦਾ ਨਾਅਰਾ ਦਿੱਤਾ ਸੀ। ਇੰਨਾ ਹੀ ਨਹੀਂ, ਉਨ੍ਹਾਂ ਨੇ ਆਪਣੇ ਦਮ 'ਤੇ ਹੈਦਰਾਬਾਦ ਦੇ ਨਿਜਾਮ ਅਤੇ ਬ੍ਰਿਟਿਸ਼ ਰਾਜ ਦੇ ਵਿਰੁੱਧ ਸੰਘਰਸ਼ ਦਾ ਬਿਗੁਲ ਵਜਾਇਆ ਸੀ। ਗੋਰਿੱਲਾ ਯੁੱਧ ਨਾਲ ਸੰਘਰਸ਼ ਕੀਤਾ ਸੀ। ਕੋਮਾਰਮ ਭੀਮ ਨੂੰ ਗੋਂਡ ਸੱਭਿਆਚਾਰ ਵਿੱਚ ਇੱਕ ਦੇਵਤਾ ਦੇ ਰੂਪ ਵਿੱਚ ਪੂਜਿਆ ਜਾਂਦਾ ਹੈ। ਵਿਦ੍ਰੋਹ ਅਤੇ ਸੰਘਰਸ਼ ਦੇ ਪ੍ਰਤੀਕ ਬਣੇ ਭੀਮ ਨੇ ਲੱਖਾਂ ਲੋਕਾਂ, ਖਾਸ ਕਰਕੇ ਕਬਾਇਲੀ ਭਾਈਚਾਰੇ ਦੇ ਦਿਲਾਂ 'ਤੇ ਛੱਡੀ ਅਮਿਟ ਛਾਪ...*

ਜਨਮ : 22 ਅਕਤੂਬਰ, 1901,ਦੇਹਾਂਤ : 8 ਅਕਤੂਬਰ, 1940


ਅੱਤਿਆਚਾਰ ਅਤੇ ਸ਼ੋਸ਼ਣ ਦੇ ਵਿਰੁੱਧ ਅੰਦੋਲਨ ਕਰਨ ਵਾਲੇ ਕੋਮਾਰਮ ਭੀਮ ਇੱਕ ਅਜਿਹੇ ਵਿਅਕਤੀ ਰਹੇ ਹਨ ਜਿਨ੍ਹਾਂ ਨੂੰ ਲੋਕ ਅਤੇ ਖਾਸ ਕਰਕੇ ਕਬਾਇਲੀ ਅੱਜ ਵੀ ਭਗਵਾਨ ਦੀ ਤਰ੍ਹਾਂ ਪੂਜਦੇ ਹਨ। 22 ਅਕਤੂਬਰ 1901 ਨੂੰ ਵਰਤਮਾਨ ਤੇਲੰਗਾਨਾ ਵਿੱਚ ਕੋਮਾਰਮ ਭੀਮ ਜ਼ਿਲ੍ਹੇ ਦੇ ਸੰਕੇਪੱਲੀ ਪਿੰਡ ਵਿੱਚ ਇੱਕ ਗੋਂਡ ਕਬਾਇਲੀ ਪਰਿਵਾਰ ਵਿੱਚ ਕੋਮਾਰਮ ਭੀਮ ਦਾ ਜਨਮ ਹੋਇਆ। ਉਨ੍ਹਾਂ ਨੇ ਨਿਜਾਮ ਅਤੇ ਅੰਗ੍ਰੇਜ਼ਾਂ ਦੇ ਦਮਨਕਾਰੀ ਸ਼ਾਸਨ ਦੇ ਵਿਰੁੱਧ ਭਿਆਨਕ ਲੜਾਈ ਕੀਤੀ। ਇੱਕ ਜ਼ਮੀਂਦਾਰ ਦੇ ਅੱਤਿਆਚਾਰ ਦਾ ਵਿਰੋਧ ਕਰਦੇ ਹੋਏ ਭੀਮ ਨੂੰ ਆਪਣਾ ਪਿੰਡ ਛੱਡਣਾ ਪਿਆ। ਉਹ ਅਸਾਮ ਦੇ ਚਾਹ ਦੇ ਬਾਗਾਂ ਤੱਕ ਪਹੁੰਚ ਗਏ। ਉੱਥੇ ਉਨ੍ਹਾਂ ਨੇ ਮਜ਼ਦੂਰਾਂ ਦਾ ਦੁਖ ਦੇਖਿਆ ਅਤੇ ਕਈ ਅੰਦੋਲਨਾਂ ਤੋਂ ਪ੍ਰੇਰਣਾ ਲਈ। ਉਨ੍ਹਾਂ ਨੇ ਪੜ੍ਹਨਾ-ਲਿਖਣਾ ਸਿੱਖਿਆ ਅਤੇ ਸਮਝਿਆ ਕਿ ਸੰਗਠਿਤ ਸੰਘਰਸ਼ ਹੀ ਅਨਿਆਂ ਦੇ ਵਿਰੁੱਧ ਸਭ ਤੋਂ ਵੱਡਾ ਹਥਿਆਰ ਹੈ। ਜਦੋਂ ਉਹ ਵਾਪਸ ਆਏ ਤਾਂ ਉਨ੍ਹਾਂ ਨੇ ਆਪਣੇ ਸਮਾਜ ਨੂੰ ਜਾਗ੍ਰਿਤ ਕਰਨ ਦਾ ਸੰਕਲਪ ਲਿਆ।

ਸਾਲ 1926 ਤੋਂ ਲੈ ਕੇ 1940 ਤੱਕ ਉਨ੍ਹਾਂ ਨੇ ਗੋਰਿੱਲਾ ਯੁੱਧ ਦੇ ਜ਼ਰੀਏ ਲਗਾਤਾਰ ਨਿਜਾਮੀ ਸ਼ਾਸਨ ਦੇ ਵਿਰੁੱਧ ਛਾਪੇਮਾਰੀ ਅਭਿਆਨ ਚਲਾਇਆ। ਜੰਗਲਾਂ ਵਿੱਚ ਇੱਕ ਗੋਰਿੱਲਾ ਸੈਨਾ ਬਣਾਉਣ ਵਾਲੇ ਕੋਮਾਰਮ ਨੇ ਤੀਰ-ਕਮਾਨ, ਭਾਲੇ ਅਤੇ ਰਵਾਇਤੀ ਹਥਿਆਰਾਂ ਦੁਆਰਾ ਨਿਜਾਮ ਦੀ ਆਧੁਨਿਕ ਸੈਨਾ ਨੂੰ ਚੁਣੌਤੀ ਦਿੱਤੀ। ਭੀਮ ਪਿੰਡ-ਪਿੰਡ ਜਾ ਕੇ ਅੱਤਿਆਚਾਰ ਦੇ ਵਿਰੁੱਧ ਲੋਕਾਂ ਨੂੰ ਇਕਜੁੱਟ ਕਰਦੇ ਸਨ। ਕਈ ਵਾਰ ਸੈਨਿਕ ਪਿੰਡਾਂ ਵਿੱਚ ਟੈਕਸ ਲੈਣ ਪਹੁੰਚੇ ਪਰ ਭੀਮ ਅਤੇ ਉਨ੍ਹਾਂ ਦੇ ਸਾਥੀਆਂ ਨੇ ਉਨ੍ਹਾਂ ਨੂੰ ਬਾਹਰ ਭਜਾ ਦਿੱਤਾ।

ਮੰਨਿਆ ਜਾਂਦਾ ਹੈ ਕਿ ਉਹ ਅੱਲੂਰੀ ਸੀਤਾਰਾਮ ਰਾਜੂ ਤੋਂ ਕਾਫੀ ਪ੍ਰਭਾਵਿਤ ਸਨ। ਦੇਸ਼ ਦੀ ਰੱਖਿਆ ਕਰਦੇ ਹੋਏ 8 ਅਕਤੂਬਰ 1940 ਨੂੰ ਅਸ਼ਵਿਣੀ ਪੂਰਣਿਮਾ ਦੇ ਦਿਨ ਹੋਏ ਇੱਕ ਜ਼ਬਰਦਸਤ ਯੁੱਧ ਵਿੱਚ ਧੋਖੇ ਅਤੇ ਗੱਦਾਰੀ ਨਾਲ ਨਿਜਾਮ ਦੀ ਸੈਨਾ ਨੇ ਉਨ੍ਹਾਂ ਦੀ ਹੱਤਿਆ ਕਰ ਦਿੱਤੀ। 2016 ਵਿੱਚ ਆਸਿਫਾਬਾਦ ਜ਼ਿਲ੍ਹੇ ਦਾ ਨਾਮ ਬਦਲ ਕੇ ਕੋਮਾਰਮ ਭੀਮ ਆਸਿਫਾਬਾਦ ਜ਼ਿਲ੍ਹਾ ਕਰ ਦਿੱਤਾ ਗਿਆ। ਇੱਥੇ ਇੱਕ ਸਮਾਰਕ ਅਤੇ ਕੋਮਾਰਮ ਭੀਮ ਮਿਊਜ਼ੀਅਮ ਦੀ ਸਥਾਪਨਾ ਕੀਤੀ ਗਈ ਹੈ। ਹਰ ਵਰ੍ਹੇ ਅਸ਼ਵਿਣੀ ਪੂਰਣਿਮਾ ਦੇ ਦਿਨ ਗੋਂਡ ਭਾਈਚਾਰਾ ਉਨ੍ਹਾਂ ਦੀ ਬਰਸੀ ਮਨਾਉਂਦਾ ਹੈ। ਇਸ ਮੌਕੇ 'ਤੇ ਜੋੜੇਘਾਟ ਵਿੱਚ ਵਿਸ਼ੇਸ਼ ਸਮਾਗਮ ਕੀਤਾ ਜਾਂਦਾ ਹੈ। ਇਹੀ ਉਹ ਸਥਾਨ ਹੈ ਜਿੱਥੇ 1940 ਵਿੱਚ ਕੋਮਾਰਮ ਭੀਮ ਦਾ ਦੇਹਾਂਤ ਹੋਇਆ ਸੀ।

26 ਅਕਤੂਬਰ 2025 ਦੀ ਮਨ ਕੀ ਬਾਤ ਦੀ 127ਵੀਂ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕੋਮਾਰਮ ਭੀਮ ਨੂੰ ਯਾਦ ਕੀਤਾ ਸੀ। ਉਨ੍ਹਾਂ ਨੇ ਕਿਹਾ ਸੀ ਕਿ ਮੈਂ ਜਿਸ ਮਹਾਨ ਸ਼ਖਸੀਅਤ ਦੀ ਚਰਚਾ ਕਰ ਰਿਹਾ ਹਾਂ ਉਨ੍ਹਾਂ ਦਾ ਨਾਮ ਹੈ ਕੋਮਾਰਮ ਭੀਮ। 22 ਅਕਤੂਬਰ ਨੂੰ ਉਨ੍ਹਾਂ ਦੀ ਜਨਮ ਵਰ੍ਹੇਗੰਢ ਹੈ। ਕੋਮਾਰਮ ਭੀਮ ਦੀ ਉਮਰ ਬਹੁਤ ਲੰਬੀ ਨਹੀਂ ਰਹੀ। ਉਹ ਸਿਰਫ਼ 40 ਵਰ੍ਹੇ ਹੀ ਜਿਉਂਦੇ ਰਹੇ ਪਰ ਆਪਣੇ ਜੀਵਨ ਕਾਲ ਵਿੱਚ ਉਨ੍ਹਾਂ ਨੇ ਅਣਗਿਣਤ ਲੋਕਾਂ, ਖਾਸ ਕਰਕੇ ਕਬਾਇਲੀ ਸਮਾਜ ਦੇ ਦਿਲ ਵਿੱਚ ਅਮਿਟ ਛਾਪ ਛੱਡੀ। ਉਨ੍ਹਾਂ ਨੇ ਨਿਜਾਮ ਦੇ ਵਿਰੁੱਧ ਸੰਘਰਸ਼ ਕਰ ਰਹੇ ਲੋਕਾਂ ਵਿੱਚ ਨਵੀਂ ਤਾਕਤ ਭਰੀ। ਉਹ ਆਪਣੇ ਰਣਨੀਤਕ ਕੌਸ਼ਲ ਦੇ ਲਈ ਵੀ ਜਾਣੇ ਜਾਂਦੇ ਸਨ। ਨਿਜਾਮ ਦੀ ਸੱਤਾ ਦੇ ਲਈ ਉਹ ਬਹੁਤ ਵੱਡੀ ਚੁਣੌਤੀ ਬਣ ਗਏ ਸਨ। ਨੌਜਵਾਨਾਂ ਨੂੰ ਮੇਰੀ ਤਾਕੀਦ ਹੈ ਕਿ ਉਹ ਉਨ੍ਹਾਂ ਦੇ ਬਾਰੇ ਵਿੱਚ ਵੱਧ ਤੋਂ ਵੱਧ ਜਾਣਨ ਦੀ ਕੋਸ਼ਿਸ਼ ਕਰਨ। ਉਨ੍ਹਾਂ ਨੇ ਅੱਗੇ ਕਿਹਾ ਕਿ "ਕੋਮਾਰਮ ਭੀਮ-ਕੀ... ਨਮਰ ਸ਼ਰਧਾਂਜਲੀ। ਅਯਾਨ ਪ੍ਰਾਜਲ ਹ੍ਰਿਦਿਆਲੋ... ਅੱਪਟਿਕੀ ਨਿਲਿਚਿ-ਵੰਟਾਰੂ।" ਇਸ ਦਾ ਹਿੰਦੀ ਵਿੱਚ ਸ਼ਾਬਦਿਕ ਭਾਵ ਹੈ – "ਕੋਮਾਰਮ ਭੀਮ ਜੀ ਨੂੰ ਮੇਰੀ ਨਿਮਰ ਸ਼ਰਧਾਂਜਲੀ, ਉਹ ਹਮੇਸ਼ਾ ਲੋਕਾਂ ਦੇ ਦਿਲਾਂ ਵਿੱਚ ਵਸੇ ਰਹਿਣਗੇ।" ■

# “ਸ਼੍ਰੀ ਅਸ਼ੋਕ ਸਿੰਘਲ ਜੀ ਦੀ ਸ਼ਖਸੀਅਤ ਦ੍ਰਿੜ੍ਹ ਇਰਾਦੇ ਅਤੇ ਸਾਦਗੀ ਦਾ ਅਦਭੁਤ ਸੰਗਮ ਸੀ”



**ਨਰੇਂਦਰ ਮੋਦੀ**
ਪ੍ਰਧਾਨ ਮੰਤਰੀ

*ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 27 ਸਤੰਬਰ ਨੂੰ ਅਸ਼ੋਕ ਸਿੰਘਲ ਦੀ ਜਨਮ ਵਰ੍ਹੇਗੰਢ ‘ਤੇ ਸ਼ਰਧਾਂਜਲੀ ਭੇਟ ਕੀਤੀ ਅਤੇ ਉਨ੍ਹਾਂ ਦੇ ਦ੍ਰਿੜ੍ਹ ਵਿਸ਼ਵਾਸ, ਸਾਦਗੀ ਅਤੇ ਸਮਾਜਿਕ ਏਕਤਾ ਦੇ ਪ੍ਰਤੀ ਅਟੁੱਟ ਸਮਰਪਣ ਨੂੰ ਯਾਦ ਕੀਤਾ। ਇਸ ਵਰ੍ਹੇ 27 ਸਤੰਬਰ ਤੋਂ ਅਸ਼ੋਕ ਸਿੰਘਲ ਦੇ ਜਨਮ ਸ਼ਤਾਬਦੀ ਵਰ੍ਹੇ ਦੀ ਸ਼ੁਰੂਆਤ ਹੋਈ ਹੈ। ਇਸ ਮੌਕੇ ‘ਤੇ ਉਨ੍ਹਾਂ ਨੇ ਅਸ਼ੋਕ ਸਿੰਘਲ ਦੇ ਅਣਥੱਕ ਸੰਗਠਨਾਤਮਕ ਕਾਰਜਾਂ ਨੂੰ ਯਾਦ ਕਰਦੇ ਹੋਏ, ਉਨ੍ਹਾਂ ਦੇ ਜੀਵਨ ਅਤੇ ਵਿਚਾਰਾਂ ਨੂੰ ਸਮਰਪਿਤ ਸ਼ਰਧਾਂਜਲੀ ਸਰੂਪ ਲਿਖਿਆ ਗਿਆ ਇੱਕ ਲੇਖ ਸਾਂਝਾ ਕੀਤਾ।*

ਇੱਕ ਬਹੁਤ ਸੁੰਦਰ ਸੁਭਾਸ਼ਿਤ ਹੈ, “ਵ੍ਰਿਕਸ਼ ਕਬਹੂੰ ਨਹੀਂ ਫਲ ਭਖੈ, ਨਦੀ ਨ ਸੰਚੈ ਨੀਰ। ਪਰਮਾਰਥ ਕੇ ਕਾਰਨੇ, ਸਾਧੁਨ ਧਰਾ ਸ਼ਰੀਰ।” ਇਸ ਦਾ ਅਰਥ ਹੈ ਕਿ ਰੁੱਖ ਕਦੇ ਆਪਣੇ ਫ਼ਲ ਖੁਦ ਨਹੀਂ ਖਾਂਦਾ, ਨਦੀ ਆਪਣਾ ਪਾਣੀ ਆਪਣੇ ਕੋਲ ਨਹੀਂ ਰੱਖਦੀ। ਇਸੇ ਤਰ੍ਹਾਂ, ਸੰਤ ਸੁਭਾਅ ਵਾਲੇ ਲੋਕ ਵੀ ਆਪਣੇ ਆਪ ਨੂੰ ਤਰਜੀਹ ਨਾ ਦਿੰਦੇ ਹੋਏ, ਸਗੋਂ ਹਮੇਸ਼ਾ ਦੂਜਿਆਂ ਦੀ ਸੇਵਾ ਲਈ ਤਤਪਰ ਰਹਿੰਦੇ ਹਨ, ਆਪਣਾ ਜੀਵਨ ਲੋਕ-ਭਲਾਈ ਲਈ ਸਮਰਪਿਤ ਕਰ ਦਿੰਦੇ ਹਨ। ਸਦੀਆਂ ਤੋਂ ਸਾਡੇ ਰਿਸ਼ੀਆਂ ਨੇ ਸਾਨੂੰ ਇਹੀ ਸਿੱਖਿਆ ਦਿੱਤੀ ਹੈ ਕਿ ਮਨੁੱਖਤਾ ਦੀ ਭਲਾਈ ਲਈ ਸਮਰਪਿਤ ਜੀਵਨ ਦਾ ਮਹੱਤਵ ਵਿਅਕਤੀਗਤ ਪ੍ਰਾਪਤੀਆਂ ਨਾਲੋਂ ਕਿਤੇ ਵੱਧ ਹੁੰਦਾ ਹੈ। ਸਤਿਕਾਰਯੋਗ ਅਸ਼ੋਕ ਸਿੰਘਲ ਜੀ ਦਾ ਜੀਵਨ ਇਸ ਭਾਵਨਾ ਦੀ ਇੱਕ ਨੇਕ ਮਿਸਾਲ ਹੈ।

27 ਸਤੰਬਰ ਤੋਂ ਅਸੀਂ ਸਵਰਗੀ ਅਸ਼ੋਕ ਸਿੰਘਲ ਜੀ ਦਾ ਜਨਮ-ਸ਼ਤਾਬਦੀ ਵਰ੍ਹਾ ਮਨਾਉਣ ਜਾ ਰਹੇ ਹਾਂ। ਇਹ ਇੱਕ ਮਹਾਨ ਸ਼ਖਸੀਅਤ ਦੇ ਸਨਮਾਨ ਦਾ ਸ਼ੁਭ ਮੌਕਾ ਹੈ। ਉਨ੍ਹਾਂ ਨੇ ਅਧਿਆਤਮਕ ਸਾਧਨਾ, ਸੱਭਿਆਚਾਰਕ ਜਾਗਰਣ ਅਤੇ ਦਹਾਕਿਆਂ ਤੱਕ ਸਮਰਪਿਤ ਭਾਵਨਾ ਨਾਲ ਸਮਾਜ ਅਤੇ ਸੰਗਠਨ ਦੇ ਕਾਰਜਾਂ ਨੂੰ ਅੱਗੇ ਵਧਾਇਆ।

ਇਹ ਮੇਰੇ ਲਈ ਸੁਭਾਗ ਦੀ ਗੱਲ ਹੈ ਕਿ ਮੈਨੂੰ ਸਵਰਗੀ ਅਸ਼ੋਕ ਜੀ ਨਾਲ ਲੰਬੇ ਸਮੇਂ ਤੱਕ ਕੰਮ ਕਰਨ, ਉਨ੍ਹਾਂ ਤੋਂ ਸਿੱਖਣ, ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦਾ ਪ੍ਰੇਮ ਪ੍ਰਾਪਤ ਕਰਨ ਦਾ ਮੌਕਾ ਮਿਲਿਆ। ਮੈਨੂੰ 1981 ਦਾ ਇੱਕ ਪ੍ਰਸੰਗ ਯਾਦ ਆਉਂਦਾ ਹੈ। ਉਸ ਸਮੇਂ ਮੈਂ ਇੱਕ ਨੌਜਵਾਨ ਕਾਰਯਕਰਤਾ ਦੇ ਰੂਪ ਵਿੱਚ ਸੰਗਠਨ ਵੱਲੋਂ ਮਿਲੀਆਂ ਜ਼ਿੰਮੇਵਾਰੀਆਂ ਨਿਭਾ ਰਿਹਾ ਸੀ। ਤਾਂ ਮੈਨੂੰ ਅਸ਼ੋਕ ਜੀ ਦੀ ਆਪਣੇ ਹੱਥ ਨਾਲ ਲਿਖੀ ਇੱਕ ਚਿੱਠੀ ਮਿਲੀ। ਉਨ੍ਹਾਂ ਨੇ ਚਿੱਠੀ ਵਿੱਚ ਆਉਣ ਵਾਲੇ ਇੱਕ ਮਹੱਤਵਪੂਰਨ ਪ੍ਰੋਗਰਾਮ ਬਾਰੇ ਜਾਣਕਾਰੀ ਦਿੱਤੀ ਸੀ ਅਤੇ ਮੈਨੂੰ ਕੁਝ ਜ਼ਿੰਮੇਵਾਰੀਆਂ ਸੌਂਪੀਆਂ ਸਨ। ਉਸ ਸਮੇਂ ਅਸ਼ੋਕ ਸਿੰਘਲ ਜੀ ਤੋਂ ਚਿੱਠੀ ਹਾਸਲ ਕਰਨਾ ਮੇਰੇ ਲਈ ਬਹੁਤ ਖ਼ਾਸ ਅਤੇ ਯਾਦਗਾਰ ਪਲ ਬਣ ਗਿਆ ਸੀ।

**ਇਹ ਮੇਰੇ ਲਈ ਸੁਭਾਗ ਵਾਲੀ ਗੱਲ ਹੈ ਕਿ ਮੈਨੂੰ ਸਵਰਗਵਾਸੀ ਅਸ਼ੋਕ ਜੀ ਦੇ ਨਾਲ ਲੰਬੇ ਸਮੇਂ ਤੱਕ ਕੰਮ ਕਰਨ, ਉਨ੍ਹਾਂ ਤੋਂ ਸਿੱਖਣ, ਉਨ੍ਹਾਂ ਨਾਲ ਗੱਲਬਾਤ ਕਰਨ ਅਤੇ ਉਨ੍ਹਾਂ ਦਾ ਪਿਆਰ ਪ੍ਰਾਪਤ ਕਰਨ ਦਾ ਮੌਕਾ ਮਿਲਿਆ।**

ਮੈਂ ਉਨ੍ਹਾਂ ਨੂੰ ਕਈ ਦਹਾਕਿਆਂ ਤੱਕ ਦਿਨ-ਰਾਤ ਕੰਮ ਕਰਦੇ ਦੇਖਿਆ। ਉਹ ਦੇਸ਼ ਦੇ ਦੂਰ-ਦੁਰਾਡੇ ਖੇਤਰਾਂ ਦੀਆਂ ਲੰਬੀਆਂ ਅਤੇ ਕਈ ਵਾਰ ਮੁਸ਼ਕਲ ਯਾਤਰਾਵਾਂ ਕਰਿਆ ਕਰਦੇ ਸਨ। ਗੁਜਰਾਤ ਦੇ ਆਦਿਵਾਸੀ ਖੇਤਰਾਂ ਵਿੱਚ ਜਾਣਾ ਉਨ੍ਹਾਂ ਨੂੰ ਖ਼ਾਸ ਤੌਰ ‘ਤੇ ਪਸੰਦ ਸੀ। ਉਹ ਲਗਾਤਾਰ ਇਸ ਗੱਲ ’ਤੇ ਚਿੰਤਨ ਕਰਦੇ ਰਹਿੰਦੇ ਸਨ ਕਿ ਸਮਾਜ ਦੇ ਵਾਂਝੇ ਅਤੇ ਅੰਤਿਮ ਕਤਾਰ ਵਿੱਚ ਖੜ੍ਹੇ ਲੋਕਾਂ ਲਈ ਹੋਰ ਕੀ

ਪ੍ਰਧਾਨ ਮੰਤਰੀ ਦਾ ਲੇਖ ਪੜ੍ਹਨ ਦੇ ਲਈ QR ਕੋਡ ਸਕੈਨ ਕਰੋ।



**ਪ੍ਰਯਾਗਰਾਜ ਵਿੱਚ ਵੱਡੇ ਹੋਏ ਅਸ਼ੋਕ ਜੀ ਕਈ ਘੰਟੇ ਸੰਗਮ ਦੇ ਕੰਢੇ 'ਤੇ ਬੈਠਿਆ ਕਰਦੇ ਸਨ। ਨਦੀ ਪ੍ਰਤੀ ਉਨ੍ਹਾਂ ਦਾ ਕੁਦਰਤੀ ਆਕਰਸ਼ਣ ਸੀ। ਉੱਥੇ ਆਉਣ ਵਾਲੇ ਸਾਧੂ- ਸੰਤਾਂ ਅਤੇ ਸ਼ਰਧਾਲੂਆਂ ਨਾਲ ਵੀ ਉਨ੍ਹਾਂ ਦੀ ਬਹੁਤ ਆਤਮਿਕਤਾ ਸੀ।**

ਕੀਤਾ ਜਾ ਸਕਦਾ ਹੈ। ਜਦੋਂ ਵੀ ਦੇਸ਼ ਵਿੱਚ ਕਿਤੇ ਕੁਦਰਤੀ ਆਫ਼ਤ ਆਉਂਦੀ, ਤਾਂ ਅਸ਼ੋਕ ਸਿੰਘਲ ਜੀ ਸਭ ਤੋਂ ਪਹਿਲਾਂ ਉੱਥੇ ਪਹੁੰਚਣ ਵਾਲਿਆਂ ਵਿੱਚ ਹੁੰਦੇ ਜਾਂ ਫਿਰ ਪ੍ਰਭਾਵਿਤ ਲੋਕਾਂ ਦੀ ਸਹਾਇਤਾ ਲਈ ਕਾਰਯਕਰਤਾਵਾਂ ਨੂੰ ਮਾਰਗਦਰਸ਼ਨ ਦਿੰਦੇ। ਵਰ੍ਹੇ 2001 ਵਿੱਚ ਕੱਛ ਵਿੱਚ ਆਏ ਭੂਚਾਲ ਤੋਂ ਬਾਅਦ ਉਨ੍ਹਾਂ ਦੇ ਨਾਲ ਦਾ ਮੇਰਾ ਤਜ਼ਰਬਾ ਯਾਦਗਾਰ ਬਣ ਗਿਆ।

ਸਤਿਕਾਰਯੋਗ ਅਸ਼ੋਕ ਜੀ ਬਹੁਤ ਹੀ ਪ੍ਰਤਿਸ਼ਠਾਵਾਨ ਅਤੇ ਸੰਪੰਨ ਪਰਿਵਾਰ ਨਾਲ ਸਬੰਧ ਰੱਖਦੇ ਸਨ। ਉਨ੍ਹਾਂ ਦੇ ਪਿਤਾ ਸ਼੍ਰੀ ਮਹਾਵੀਰ ਜੀ ਦੀ ਇੱਕ ਪ੍ਰਸ਼ਾਸਕ ਦੇ ਰੂਪ ਵਿੱਚ ਪਛਾਣ ਸੀ। ਉਨ੍ਹਾਂ ਦੇ ਇੱਕ ਭਰਾ, ਸ਼੍ਰੀ ਬੀ.ਪੀ. ਸਿੰਘਲ ਜੀ, ਪੁਲਿਸ ਅਧਿਕਾਰੀ ਅਤੇ ਬਾਅਦ ਵਿੱਚ ਸੰਸਦ ਮੈਂਬਰ ਬਣੇ। ਦੂਜਾ ਭਰਾ, ਸ਼੍ਰੀ ਵੀ.ਪੀ. ਸਿੰਘਲ ਜੀ, ਤ੍ਰਿਪੁਰਾ ਦੇ ਮੁੱਖ ਸਕੱਤਰ ਸਨ ਜਦੋਂ ਇਹ ਰਾਜ ਨਵਾਂ-ਨਵਾਂ ਬਣਿਆ ਸੀ। ਪਰਿਵਾਰ ਦੇ ਹੋਰ ਮੈਂਬਰਾਂ ਨੇ ਵੀ ਵਪਾਰ ਅਤੇ ਖੇਤੀਬਾੜੀ ਦੇ ਖੇਤਰ ਵਿੱਚ ਸਫਲਤਾ ਹਾਸਲ ਕੀਤੀ। ਪਰ ਸ਼ੁਰੂ ਤੋਂ ਹੀ ਅਸ਼ੋਕ ਜੀ ਦਾ ਰੁਝਾਨ ਬਿਲਕੁਲ ਵੱਖਰੀ ਦਿਸ਼ਾ ਵੱਲ ਸੀ। ਬਹੁਤ ਘੱਟ ਉਮਰ ਵਿੱਚ ਹੀ ਉਨ੍ਹਾਂ ਦੇ ਵਿਵਹਾਰ ਵਿੱਚ ਦੂਜਿਆਂ ਪ੍ਰਤੀ ਦਇਆ ਅਤੇ ਸੇਵਾ ਦੀ ਅਦਭੁਤ ਭਾਵਨਾ ਦਿਖਾਈ ਦੇਣ ਲੱਗੀ ਸੀ। ਉਹ ਚਾਹੁੰਦੇ ਸਨ ਕਿ ਭਾਰਤ ਤਰੱਕੀ ਕਰੇ ਅਤੇ ਮਾਂ ਭਾਰਤੀ ਦੀਆਂ ਸੰਤਾਨਾਂ ਵੱਡੀਆਂ ਪ੍ਰਾਪਤੀਆਂ ਹਾਸਲ ਕਰਨ। ਪ੍ਰਯਾਗਰਾਜ ਵਿੱਚ ਵੱਡੇ ਹੋਏ ਅਸ਼ੋਕ ਜੀ ਕਈ ਘੰਟੇ ਸੰਗਮ ਦੇ ਕੰਢੇ 'ਤੇ ਬੈਠਿਆ ਕਰਦੇ ਸਨ। ਨਦੀ ਪ੍ਰਤੀ ਉਨ੍ਹਾਂ ਦਾ ਕੁਦਰਤੀ ਆਕਰਸ਼ਣ ਸੀ। ਉੱਥੇ ਆਉਣ ਵਾਲੇ ਸਾਧੂ-ਸੰਤਾਂ ਅਤੇ ਸ਼ਰਧਾਲੂਆਂ ਨਾਲ ਵੀ ਉਨ੍ਹਾਂ ਦੀ ਬਹੁਤ ਆਤਮਿਕਤਾ ਸੀ। ਇਸ ਨਾਲ ਭਾਰਤ ਦੇ ਸੱਭਿਆਚਾਰਕ ਲੋਕਾਚਾਰ ਬਾਰੇ ਉਨ੍ਹਾਂ ਦੀ ਸਮਝ ਹੋਰ ਵਧੀ। ਸਮਾਜ ਲਈ ਕੁਝ ਕਰਨ ਦਾ ਉਨ੍ਹਾਂ ਦਾ ਸੰਕਲਪ ਵੀ ਹੋਰ ਦ੍ਰਿੜ੍ਹ ਹੋਇਆ। ਦੂਜਿਆਂ ਲਈ ਜਿਉਣ ਦੀ ਇਸੇ ਭਾਵਨਾ ਨੇ ਉਨ੍ਹਾਂ ਨੂੰ ਆਰ.ਐੱਸ.ਐੱਸ. ਨਾਲ ਜੋੜਿਆ। ਉਨ੍ਹਾਂ ਨੇ ਆਪਣੇ ਹਿੱਸੇ ਆਈ ਹਰ ਜ਼ਿੰਮੇਵਾਰੀ ਨੂੰ ਪੂਰੇ ਉਤਸ਼ਾਹ, ਅਨੁਸ਼ਾਸਨ ਅਤੇ ਕਰਤੱਵ -ਭਾਵਨਾ ਨਾਲ ਨਿਭਾਇਆ।

ਸ਼੍ਰੀ ਅਸ਼ੋਕ ਸਿੰਘਲ ਜੀ ਨੇ ਆਪਣੇ ਨਿਰੰਤਰ ਯਤਨਾਂ ਅਤੇ ਅਣਥੱਕ ਮਿਹਨਤ ਨਾਲ ਅਨੇਕ ਸੰਸਥਾਵਾਂ ਅਤੇ ਅੰਦੋਲਨਾਂ ਨੂੰ ਮਜ਼ਬੂਤ ਕੀਤਾ। ਆਪਣੇ ਜੋਸ਼ੀਲੇ ਬੋਲਾਂ ਅਤੇ ਪ੍ਰਗਟਾਵੇ ਦੀ ਅਦਭੁਤ ਸ਼ੈਲੀ ਨਾਲ ਉਹ ਪੂਰੀ ਸਭਾ ਨੂੰ ਮੰਤਰਮੁਗਧ ਕਰ ਦਿੰਦੇ ਸਨ। ਆਪਣੇ ਸਾਥੀ ਕਾਰਯਕਰਤਾਵਾਂ ਨੂੰ ਉਹ ਬਹੁਤ ਜ਼ਿਆਦਾ ਪਿਆਰ ਕਰਦੇ ਸਨ। ਜੋ ਵੀ ਉਨ੍ਹਾਂ ਦੇ ਸੰਪਰਕ ਵਿੱਚ ਆਉਂਦਾ, ਉਹ ਉਨ੍ਹਾਂ ਦੀ ਸਾਦਗੀ ਤੋਂ ਪ੍ਰਭਾਵਿਤ ਹੋਏ ਬਿਨਾ ਨਹੀਂ ਰਹਿੰਦਾ ਸੀ। ਸੰਤ ਸਮਾਜ ਨਾਲ ਉਨ੍ਹਾਂ ਦੇ ਸਬੰਧ ਬਹੁਤ ਗੂੜ੍ਹੇ ਸਨ। ਦੇਸ਼ ਭਰ ਦੇ ਸਾਧੂ-ਸੰਤਾਂ ਵਿੱਚ ਵੀ ਉਨ੍ਹਾਂ ਦਾ ਬਹੁਤ ਸਨਮਾਨ ਸੀ। ਸੰਤ ਲੋਕ ਉਨ੍ਹਾਂ ਦੀ ਸਲਾਹ ਨੂੰ ਮਹੱਤਵ ਦਿੰਦੇ ਸਨ ਅਤੇ ਉਨ੍ਹਾਂ ਦੀਆਂ ਗੱਲਾਂ ਨੂੰ ਪੂਰੇ ਆਦਰ-ਭਾਵ ਨਾਲ ਸੁਣਦੇ ਸਨ।

ਮੇਰੀ ਯਾਦ ਵਿੱਚ ਅਜਿਹੀਆਂ ਦੋ ਘਟਨਾਵਾਂ ਉੱਭਰ ਰਹੀਆਂ ਹਨ, ਜਿਨ੍ਹਾਂ ਰਾਹੀਂ ਸ਼੍ਰੀ ਅਸ਼ੋਕ ਸਿੰਘਲ ਜੀ ਦੀ ਵੱਡੀ ਸ਼ਖਸੀਅਤ ਨੂੰ ਸਮਝਿਆ ਜਾ ਸਕਦਾ ਹੈ। ਪਹਿਲੀ ਘਟਨਾ 1993 ਦੀ ਹੈ। ਵਿਸ਼ਵ ਹਿੰਦੂ ਪ੍ਰੀਸ਼ਦ ਨੇ ਸਵਾਮੀ ਵਿਵੇਕਾਨੰਦ ਜੀ ਦੇ ਸ਼ਿਕਾਗੋ ਸੰਬੋਧਨ ਦੇ 100 ਵਰ੍ਹੇ ਪੂਰੇ ਹੋਣ ਦੇ ਮੌਕੇ 'ਤੇ ਅਮਰੀਕਾ ਵਿੱਚ ਇੱਕ ਸੰਮੇਲਨ ਆਯੋਜਿਤ ਕੀਤਾ ਸੀ। ਵਿਦੇਸ਼ ਵਿੱਚ ਅਜਿਹੇ ਸ਼ਾਨਦਾਰ ਸੰਮੇਲਨ ਦੀ ਸੋਚ, ਉਸ ਦੀ ਪਲਾਨਿੰਗ ਅਤੇ ਵੱਖ-ਵੱਖ ਸਮੂਹਾਂ ਨੂੰ ਇੱਕ ਮੰਚ 'ਤੇ ਲਿਆਉਣ ਦਾ ਵੱਡਾ ਯਤਨ ਸ਼੍ਰੀ ਅਸ਼ੋਕ ਜੀ ਦੇ ਅਦੁੱਤੀ ਸੰਗਠਨਾਤਮਕ ਹੁਨਰ ਦਾ ਸੂਚਕ ਸੀ।






**ਅੱਜ ਅਯੋਧਿਆ ਵਿੱਚ ਸ਼ਾਨਦਾਰ ਰਾਮ ਮੰਦਿਰ ਹੈ, ਤਾਂ ਇਸ ਦੇ ਪਿੱਛੇ ਅਸ਼ੋਕ ਜੀ ਵਰਗੀਆਂ ਸ਼ਖਸੀਅਤਾਂ ਦਾ ਨਿਸ਼ਕਾਮ ਸਮਰਪਣ ਹੈ, ਜਿਨ੍ਹਾਂ ਨੇ ਇਸ ਨੂੰ ਸੰਭਵ ਬਣਾਉਣ ਦੇ ਯਤਨ ਵਿੱਚ ਨਿਰਸੁਆਰਥ ਹੋ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ।**

ਦੂਜੀ ਘਟਨਾ ਵਰ੍ਹੇ 2000 ਦੀ ਹੈ, ਜਦੋਂ ਤ੍ਰਿਨੀਦਾਦ ਅਤੇ ਟੋਬੈਗੋ ਦੇ ਪੋਰਟ ਆਫ਼ ਸਪੇਨ ਵਿੱਚ ਵਿਸ਼ਵ ਹਿੰਦੂ ਸੰਮੇਲਨ ਦਾ ਆਯੋਜਨ ਹੋਇਆ ਸੀ। ਉਸ ਸਮੇਂ ਮੈਂ ਵੀ ਉੱਥੇ ਸੀ। ਮੈਂ ਪ੍ਰਤੱਖ ਦੇਖਿਆ ਕਿ ਅਸ਼ੋਕ ਸਿੰਘਲ ਜੀ ਦੀ ਮੌਜੂਦਗੀ ਨੇ ਹੋਰ ਪ੍ਰਤੀਨਿਧੀਆਂ ਵਿੱਚ ਕਿੰਨਾ ਉਤਸ਼ਾਹ ਭਰ ਦਿੱਤਾ ਸੀ। ਮੇਰੇ ਸੰਬੋਧਨ ਤੋਂ ਬਾਅਦ ਉਨ੍ਹਾਂ ਨੇ ਜਿਸ ਤਰ੍ਹਾਂ ਮੇਰੀ ਸ਼ਲਾਘਾ ਕੀਤੀ, ਉਹ ਮੇਰੇ ਲਈ ਬਹੁਤ ਭਾਵੁਕ ਕਰ ਦੇਣ ਵਾਲਾ ਅਹਿਸਾਸ ਸੀ। ਮੈਂ ਇੱਕ ਵਾਰ ਫਿਰ ਅਨੁਭਵ ਕੀਤਾ ਕਿ ਉਨ੍ਹਾਂ ਦਾ ਉਤਸ਼ਾਹ ਵਧਾਉਣਾ ਕਿਸ ਤਰ੍ਹਾਂ ਹਰ ਕਾਰਯਕਰਤਾ ਨੂੰ ਨਵੀਂ ਊਰਜਾ ਨਾਲ ਭਰ ਦਿੰਦਾ ਸੀ।

ਰਾਮ ਜਨਮਭੂਮੀ ਅੰਦੋਲਨ ਵਿੱਚ ਸ਼੍ਰੀ ਅਸ਼ੋਕ ਸਿੰਘਲ ਜੀ ਦੀ ਇਤਿਹਾਸਕ ਭੂਮਿਕਾ ਨੂੰ ਯਾਦ ਕੀਤੇ ਬਿਨਾ ਉਨ੍ਹਾਂ ਦਾ ਕੋਈ ਵੀ ਜ਼ਿਕਰ ਅਧੂਰਾ ਹੈ। ਵਰ੍ਹੇ 1991 ਦੀ ਬੋਟ ਕਲੱਬ ਰੈਲੀ ਵਿੱਚ ਦਿੱਤੇ ਗਏ ਉਨ੍ਹਾਂ ਦੇ ਓਜਸਵੀ ਸੰਬੋਧਨ ਨੂੰ ਕੌਣ ਭੁੱਲ ਸਕਦਾ ਹੈ? ਜਾਂ ਅੰਦੋਲਨ ਦੇ ਸਿਖ਼ਰ 'ਤੇ ਲਹੂ-ਲੁਹਾਨ ਅਤੇ ਜ਼ਖ਼ਮੀ ਅਵਸਥਾ ਵਿੱਚ ਅਸ਼ੋਕ ਜੀ ਦੀ ਉਹ ਇਤਿਹਾਸਕ ਤਸਵੀਰ ਭਲਾ ਕਿਸ ਦੀ ਯਾਦ ਤੋਂ ਮਿਟ ਸਕਦੀ ਹੈ? ਅੱਜ ਅਯੋਧਿਆ ਵਿੱਚ ਸ਼ਾਨਦਾਰ ਰਾਮ ਮੰਦਿਰ ਹੈ, ਤਾਂ ਇਸ ਦੇ ਪਿੱਛੇ ਅਸ਼ੋਕ ਜੀ ਵਰਗੀਆਂ ਸ਼ਖਸੀਅਤਾਂ ਦਾ ਨਿਸ਼ਕਾਮ ਸਮਰਪਣ ਹੈ, ਜਿਨ੍ਹਾਂ ਨੇ ਇਸ ਨੂੰ ਸੰਭਵ ਬਣਾਉਣ ਦੇ ਯਤਨ ਵਿੱਚ ਨਿਰਸੁਆਰਥ ਹੋ ਕੇ ਆਪਣੇ ਆਪ ਨੂੰ ਪੂਰੀ ਤਰ੍ਹਾਂ ਸਮਰਪਿਤ ਕਰ ਦਿੱਤਾ। ਅੱਜ ਜੇਕਰ ਅਸ਼ੋਕ ਜੀ ਸਾਡੇ ਵਿਚਕਾਰ ਹੁੰਦੇ ਤਾਂ ਅਯੋਧਿਆ ਵਿੱਚ ਰਾਮ ਮੰਦਿਰ ਨੂੰ ਦੇਖ ਕੇ ਉਹ ਸਭ ਤੋਂ ਵੱਧ ਭਾਵੁਕ ਅਤੇ ਪ੍ਰਸੰਨ ਹੁੰਦੇ।

ਸਵਰਗੀ ਅਸ਼ੋਕ ਸਿੰਘਲ ਜੀ ਦੇ ਵਿਚਾਰ ਬਹੁਤ ਸੁਲਝੇ ਹੋਏ ਸਨ। ਉਹ ਸਪਸ਼ਟ ਤੌਰ 'ਤੇ ਮੰਨਦੇ ਸਨ ਕਿ ਸਮਾਜ ਵਿੱਚ ਸਦਭਾਵਨਾ ਦੇ ਨਾਲ ਹੀ ਭਾਈਚਾਰੇ ਦਾ ਸੁਨੇਹਾ ਮਜ਼ਬੂਤ ਹੋਣਾ ਚਾਹੀਦਾ ਹੈ। ਉਨ੍ਹਾਂ ਨੇ ਸਮਾਜਿਕ ਏਕਤਾ ਅਤੇ ਬਰਾਬਰੀ ਲਈ ਨਿਰੰਤਰ ਕੰਮ ਕੀਤਾ। ਉਨ੍ਹਾਂ ਦੀ ਸਪਸ਼ਟ ਸੋਚਣੀ ਸੀ ਕਿ ਸਮਾਜ ਵਿੱਚ ਕਿਸੇ ਵੀ ਕਿਸਮ ਦਾ ਕੋਈ ਭੇਦਭਾਵ ਨਹੀਂ ਹੋਣਾ ਚਾਹੀਦਾ। ਹਰੇਕ ਵਿਅਕਤੀ ਬਰਾਬਰ ਮਰਿਆਦਾ ਅਤੇ ਸਨਮਾਨ ਦਾ ਹੱਕਦਾਰ ਹੈ। ਇਹੀ ਕਾਰਨ ਸੀ ਕਿ ਉਨ੍ਹਾਂ ਨੇ ਅਯੋਧਿਆ ਵਿੱਚ ਰਾਮ ਮੰਦਿਰ ਦੀ ਪਹਿਲੀ ਇੱਟ ਰੱਖਣ ਨੂੰ ਲੈ ਕੇ ਆਪਣੇ ਵਿਚਾਰ ਸਪਸ਼ਟ ਰੂਪ ਵਿੱਚ ਰੱਖੇ। ਉਨ੍ਹਾਂ ਨੇ ਹੀ ਕਿਹਾ ਸੀ ਕਿ ਇਹ ਪੁੰਨ ਦਾ ਕੰਮ ਬਿਹਾਰ ਦੇ ਵੀਐੱਚਪੀ ਕਾਰਯਕਰਤਾ ਅਤੇ ਪਿਛੜੇ ਵਰਗ ਤੋਂ ਆਉਣ ਵਾਲੇ ਸ਼੍ਰੀ ਕਾਮੇਸ਼ਵਰ ਚੌਪਾਲ ਜੀ ਦੇ ਹੱਥਾਂ ਨਾਲ ਹੋਵੇ। ਕਾਸ਼ੀ ਵਿੱਚ ਇੱਕ ਧਰਮ ਸੰਸਦ ਦੌਰਾਨ ਉਨ੍ਹਾਂ ਨੇ ਡੋਮ ਰਾਜਾ ਨੂੰ ਸਨਮਾਨਿਤ ਕਰਨ ਦਾ ਫੈਸਲਾ ਕੀਤਾ ਅਤੇ ਕਈ ਭਾਈਚਾਰਕ ਮੁਹਿੰਮਾਂ ਵਿੱਚ ਉਨ੍ਹਾਂ ਦੇ ਨਾਲ ਮਿਲ ਕੇ ਕੰਮ ਕੀਤਾ।

ਰਾਸ਼ਟਰ-ਨਿਰਮਾਣ ਦੇ ਨਾਲ ਹੀ ਸ਼੍ਰੀ ਅਸ਼ੋਕ ਸਿੰਘਲ ਜੀ ਦੇ ਦੋ ਅਜਿਹੇ ਪਸੰਦੀਦਾ ਖੇਤਰ ਸਨ, ਜੋ ਉਨ੍ਹਾਂ ਦੇ ਦਿਲ ਦੇ ਬਹੁਤ ਨੇੜੇ ਸਨ। ਸਿੱਖਿਆ (ਵਿਸ਼ੇਸ਼ ਤੌਰ 'ਤੇ ਵੈਦਿਕ ਸਿੱਖਿਆ) ਅਤੇ ਸੰਗੀਤ, ਇਨ੍ਹਾਂ ਦੋਵਾਂ ਨਾਲ ਉਨ੍ਹਾਂ ਦਾ ਡੂੰਘਾ ਲਗਾਅ ਸੀ। ਵਾਰਾਣਸੀ ਦੇ ਸੰਸਦ ਮੈਂਬਰ ਦੇ ਰੂਪ ਵਿੱਚ ਮੈਨੂੰ ਇਸ ਗੱਲ 'ਤੇ ਬਹੁਤ ਮਾਣ ਮਹਿਸੂਸ ਹੁੰਦਾ ਹੈ ਕਿ ਜਿੱਥੇ ਦੀ ਮੈਂ ਨੁਮਾਇੰਦਗੀ ਕਰਦਾ ਹਾਂ, ਉਸ ਸਦੀਵੀ ਕਾਸ਼ੀ ਨੇ ਸ਼੍ਰੀ ਅਸ਼ੋਕ ਸਿੰਘਲ ਜੀ ਦੇ ਜੀਵਨ ਵਿੱਚ ਇੱਕ ਅਹਿਮ ਭੂਮਿਕਾ ਨਿਭਾਈ। ਉਨ੍ਹਾਂ ਨੇ ਬੀਐੱਚਯੂ ਤੋਂ ਸਿੱਖਿਆ ਹਾਸਲ ਕੀਤੀ ਸੀ ਅਤੇ ਉਹ ਇੱਕ ਹੋਣਹਾਰ ਵਿਦਿਆਰਥੀ ਦੇ ਰੂਪ ਵਿੱਚ ਜਾਣੇ ਜਾਂਦੇ ਸਨ। ਉਹ 'ਏਕਲ ਵਿਦਿਆਲਯ' ਦੀ ਪਹਿਲਕਦਮੀ ਨਾਲ ਵੀ ਨੇੜਿਓਂ ਜੁੜੇ ਹੋਏ ਸਨ, ਜਿਸ ਨੇ ਦੂਰ-ਦੁਰਾਡੇ ਦੇ ਪਿੰਡਾਂ, ਖ਼ਾਸ ਕਰਕੇ ਕਬਾਇਲੀ ਭਾਈਚਾਰਿਆਂ ਤੱਕ ਮੁੱਢਲੀ ਸਿੱਖਿਆ ਪਹੁੰਚਾਉਣ ਦਾ ਕੰਮ ਕੀਤਾ। ਉਹ ਜਿੰਨੇ ਡੂੰਘੇ ਅਧਿਅਨਕਰਤਾ ਅਤੇ ਉਤਸ਼ਾਹੀ ਪਾਠਕ ਸਨ, ਓਨੇ ਹੀ ਚੰਗੇ ਸਰੋਤਾ ਵੀ ਸਨ। ਉਹ ਨੌਜਵਾਨ ਕਾਰਜਕਰਤਾਵਾਂ ਨੂੰ ਹਮੇਸ਼ਾ ਕਿਤਾਬਾਂ ਪੜ੍ਹਨ ਲਈ ਪ੍ਰੇਰਿਤ ਕਰਦੇ ਰਹਿੰਦੇ ਸਨ।

ਸਤਿਕਾਰਯੋਗ ਅਸ਼ੋਕ ਜੀ ਨੂੰ ਨੇੜਿਓਂ ਜਾਣਨ ਵਾਲਿਆਂ ਨੂੰ ਪਤਾ ਹੈ ਕਿ ਉਹ ਕਿੰਨਾ ਵਧੀਆ ਗਾਉਂਦੇ ਸਨ। ਮੈਨੂੰ ਨਾਗਪੁਰ ਦੀਆਂ ਉਨ੍ਹਾਂ ਬੈਠਕਾਂ ਦੀ ਯਾਦ ਆਉਂਦੀ ਹੈ, ਜਿਨ੍ਹਾਂ ਵਿੱਚ ਉਹ 'ਏਕਲ ਗੀਤ' ਗਾਇਆ ਕਰਦੇ ਸਨ। ਉਨ੍ਹਾਂ ਦਾ ਗਾਉਣਾ ਸਾਰਿਆਂ ਨੂੰ ਮੰਤਰਮੁਗਧ ਕਰ ਦਿੰਦਾ ਸੀ ਅਤੇ ਪੂਰੀ ਬੈਠਕ ਵਿੱਚ ਨਵੀਂ ਊਰਜਾ ਭਰ ਜਾਂਦੀ ਸੀ। ਵਰ੍ਹੇ 2015 ਵਿੱਚ ਉਨ੍ਹਾਂ ਦੇ 90ਵੇਂ ਜਨਮਦਿਨ ਸਮਾਗਮ ਦਾ ਇੱਕ ਵੀਡੀਓ ਬਹੁਤ ਵਾਇਰਲ ਹੋਇਆ ਸੀ, ਜਿਸ ਵਿੱਚ ਉਨ੍ਹਾਂ ਨੇ 'ਹੇ ਮਾਤ੍ਰਭੂਮੀ ਮੇਰੀ, ਹੇ ਪਿਤ੍ਰਭੂਮੀ ਮੇਰੀ' ਗਾ ਕੇ ਸਾਰਿਆਂ ਨੂੰ ਹੈਰਾਨ ਕਰ ਦਿੱਤਾ ਸੀ। ਸਵਰਗੀ ਅਸ਼ੋਕ ਸਿੰਘਲ ਜੀ ਨੇ ਆਪਣੇ ਜੀਵਨ ਵਿੱਚ ਹਰ ਪਲ ਇਸ ਮਹਾਨ ਰਾਸ਼ਟਰ ਦੇ ਪ੍ਰਫੁੱਲਿਤ ਹੋਣ ਦਾ ਹੀ ਸੁਪਨਾ ਦੇਖਿਆ ਸੀ। ਉਨ੍ਹਾਂ ਦੇ ਆਦਰਸ਼ਾਂ ਤੋਂ ਅੱਜ ਵੀ ਸਾਨੂੰ ਇਹ ਪ੍ਰੇਰਣਾ ਮਿਲਦੀ ਹੈ। ਉਨ੍ਹਾਂ ਦੀ ਜਨਮ ਸ਼ਤਾਬਦੀ ਦੇ ਇਸ ਪਾਵਨ ਮੌਕੇ 'ਤੇ ਸਾਨੂੰ ਇਹ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਵੱਧ ਤੋਂ ਵੱਧ ਨੌਜਵਾਨ ਉਨ੍ਹਾਂ ਦੀ ਵੱਡੀ ਸ਼ਖ਼ਸੀਅਤ ਅਤੇ ਮਹਾਨਤਾ ਤੋਂ ਜਾਣੂ ਹੋਣ। ਆਓ, ਅਸੀਂ ਆਪਣੇ ਰਾਸ਼ਟਰ ਅਤੇ ਦੇਸ਼ਵਾਸੀਆਂ ਲਈ ਅਸ਼ੋਕ ਸਿੰਘਲ ਜੀ ਦੇ ਸੁਪਨਿਆਂ ਨੂੰ ਸਾਕਾਰ ਕਰਨ ਦੇ ਸੰਕਲਪ ਨੂੰ ਇੱਕ ਵਾਰ ਫਿਰ ਦੁਹਰਾਈਏ।

ਰਾਸ਼ਟਰੀ ਏਕਤਾ ਦਿਵਸ ਵਿਸ਼ੇਸ਼

ਕਵਰ ਸਟੋਰੀ

**ਏਕ ਭਾਰਤ-ਸ਼੍ਰੇਸ਼ਠ ਭਾਰਤ**

# ਸੱਭਿਆਚਾਰਕ ਮੇਲ ਤੋਂ ਵਿਵਸਥਾ ਦੇ ਏਕੀਕਰਣ ਤੱਕ



*ਏਕਤਾ ਰਾਸ਼ਟਰ ਅਤੇ ਸਮਾਜ ਦੀ ਹੋਂਦ ਦਾ ਅਧਾਰ ਹੁੰਦੀ ਹੈ। ਜਦੋਂ ਤੱਕ ਸਮਾਜ ਵਿੱਚ ਏਕਤਾ ਹੈ, ਰਾਸ਼ਟਰ ਦੀ ਅਖੰਡਤਾ ਸੁਰੱਖਿਅਤ ਹੈ। ਇਸ ਲਈ ਵਿਕਸਿਤ ਭਾਰਤ ਦੇ ਟੀਚੇ ਤੱਕ ਪਹੁੰਚਣ ਦੇ ਲਈ ਏਕਤਾ ਸਭ ਤੋਂ ਉੱਪਰਲਾ ਅਧਾਰ ਹੈ। 31 ਅਕਤੂਬਰ 2015 ਨੂੰ ਸਰਦਾਰ ਵੱਲਭਭਾਈ ਪਟੇਲ ਦੀ ਜਯੰਤੀ 'ਤੇ ਕੇਵੜੀਆ ਦੀ ਪਵਿੱਤਰ ਧਰਤੀ ਤੋਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਦੀ ਸ਼ੁਰੂਆਤ ਕੀਤੀ ਸੀ। ਤਾਂ ਇਹ ਭਾਸ਼ਾ, ਸੱਭਿਆਚਾਰ ਅਤੇ ਪਰੰਪਰਾ ਦੇ ਅਦਾਨ-ਪ੍ਰਦਾਨ ਦੀ ਇੱਕ ਕੋਸ਼ਿਸ਼ ਮਾਤਰ ਲੱਗਦੀ ਸੀ। ਪਰ ਬੀਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਇਹੋ ਭਾਵਨਾ ਸ਼ਾਸਨ ਦੀ ਆਤਮਾ ਬਣ ਗਈ। ਸਰਦਾਰ ਪਟੇਲ ਨੇ ਜਿਸ ਤਰ੍ਹਾਂ ਲਗਭਗ ਸਾਢੇ ਪੰਜ ਸੌ ਰਿਆਸਤਾਂ ਨੂੰ ਇੱਕ ਝੰਡੇ ਹੇਠ ਜੋੜਿਆ ਸੀ, ਉਸੇ ਸੋਚ ਨਾਲ ਹੁਣ ਟੈਕਸ ਵਿਵਸਥਾ, ਰਾਸ਼ਨ, ਪੈਨਸ਼ਨ, ਸੰਵਿਧਾਨ, ਪ੍ਰੀਖਿਆ ਅਤੇ ਖੋਜ ਤੱਕ ਵਰਗੀਆਂ ਦਰਜਨਾਂ ਪਹਿਲਕਦਮੀਆਂ "ਇੱਕ ਦੇਸ਼-ਇੱਕ ਵਿਵਸਥਾ" ਦਾ ਅਧਾਰ ਥੰਮ੍ਹ ਬਣ ਗਈਆਂ ਹਨ।*

*ਇਸ 31 ਅਕਤੂਬਰ ਨੂੰ ਰਾਸ਼ਟਰੀ ਏਕਤਾ ਦਿਵਸ ਦੇ ਮੌਕੇ 'ਤੇ ਦੇਸ਼ ਸਰਦਾਰ ਪਟੇਲ ਦੀ 150ਵੀਂ ਜਯੰਤੀ ਦੇ ਦੋ ਵਰ੍ਹਿਆਂ ਦਾ ਰਾਸ਼ਟਰੀ ਉਤਸਵ ਮਨਾ ਰਿਹਾ ਹੈ। ਅਜਿਹੇ ਵਿੱਚ ਆਓ ਜਾਣਦੇ ਹਾਂ ਕਿ ਕਿਵੇਂ ਸੱਭਿਆਚਾਰਕ ਏਕਤਾ ਦਾ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਮੰਤਰ ਬਣ ਗਿਆ ਹੈ ਨੀਤੀ-ਨਿਰਮਾਣ ਅਤੇ ਨਾਗਰਿਕਾਂ ਦੇ ਜੀਵਨ ਦੀ ਪਹੁੰਚਯੋਗਤਾ ਦਾ ਅਧਾਰ...*

ਇੱਕ ਰਾਸ਼ਟਰ, ਇੱਕ ਰਾਸ਼ਨ ਕਾਰਡ ਯੋਜਨਾ ਨਾਲ ਜੁੜੇ ਉੱਤਰ ਪ੍ਰਦੇਸ਼ ਦੇ ਲਾਭਪਾਤਰੀ ਵਰਿੰਦਾਵਨ ਚੌਰਸੀਆ ਦੇ ਪਰਿਵਾਰ ਵਿੱਚ ਪੰਜ ਲੋਕ ਹਨ। ਉਹ ਦੱਸਦੇ ਹਨ ਕਿ ਪੰਜ ਮੈਂਬਰਾਂ ਦਾ ਮੇਰੇ ਕੋਲ ਰਾਸ਼ਨ ਕਾਰਡ ਹੈ ਅਤੇ ਸਿੱਧੇ ਉਚਿਤ ਕੀਮਤਾਂ ਦੀ ਦੁਕਾਨ ਨਾਲ ਅਟੈਚ ਹੈ। ਮੈਨੂੰ ਹਰ ਮਹੀਨੇ ਰਾਸ਼ਨ ਮਿਲ ਰਿਹਾ ਹੈ। ਮੈਂ ਇੱਕ ਰਾਸ਼ਟਰ, ਇੱਕ ਰਾਸ਼ਨ ਕਾਰਡ ਦਾ ਲਾਭਪਾਤਰੀ ਹਾਂ। ਇਸ ਨਾਲ ਮੈਂ ਦੇਸ਼ ਵਿੱਚ ਕਿਤੇ ਵੀ ਉਚਿਤ ਕੀਮਤ ਦੀ ਦੁਕਾਨ ਤੋਂ ਰਾਸ਼ਨ ਪ੍ਰਾਪਤ ਕਰ ਸਕਦਾ ਹਾਂ। ਇਸ ਲਈ ਮੈਂ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦਾ ਧੰਨਵਾਦੀ ਹਾਂ। ਇੱਕ ਦੇਸ਼, ਇੱਕ ਰਾਸ਼ਨ ਕਾਰਡ ਦੇ ਇੱਕ ਹੋਰ ਲਾਭਪਾਤਰੀ ਕ੍ਰਿਸ਼ਨਾ ਕੁਮਾਰ ਮੌਰਯ ਦੱਸਦੇ ਹਨ ਕਿ ਉਨ੍ਹਾਂ ਦਾ ਪੰਜ ਯੂਨਿਟ ਦਾ ਕਾਰਡ ਹੈ। ਹਰ ਮਹੀਨੇ ਚੌਲ ਅਤੇ ਕਣਕ ਮਿਲਦੀ ਹੈ। ਕਿਸੇ ਤਰ੍ਹਾਂ ਦੀ ਕੋਈ ਦਿੱਕਤ ਨਹੀਂ ਆਉਂਦੀ। ਉਹ ਕਹਿੰਦੇ ਹਨ ਕਿ ਇੱਕ ਦੇਸ਼, ਇੱਕ ਰਾਸ਼ਨ ਕਾਰਡ ਨਾਲ ਮੈਨੂੰ ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਇਹ ਅਨਾਜ ਮਿਲ ਸਕਦਾ ਹੈ। ਇਹ ਸੁਵਿਧਾ ਪ੍ਰਦਾਨ ਕਰਨ ਦੇ ਲਈ ਉਹ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੂੰ ਬਹੁਤ-ਬਹੁਤ ਧੰਨਵਾਦ ਦਿੰਦੇ ਹਨ। ਪ੍ਰਵਾਸੀ ਮਜ਼ਦੂਰਾਂ ਲਈ ਇਹ ਇੱਕ ਵਰਦਾਨ ਤੋਂ ਘੱਟ ਨਹੀਂ ਹੈ। ਇਹ ਉਨ੍ਹਾਂ ਦੇ ਲਈ ਜੀਵਨਦਾਇਕ ਸਾਬਤ ਹੋ ਰਹੀ ਹੈ। ਹੁਣ ਹਰ ਰਾਸ਼ਨ ਕਾਰਡਧਾਰਕ ਦੇਸ਼ ਵਿੱਚ ਕਿਤੇ ਵੀ ਅਤੇ ਕਿਸੇ ਵੀ ਉਚਿਤ ਕੀਮਤ ਦੀ ਰਾਸ਼ਨ ਦੁਕਾਨ ਤੋਂ ਰਾਸ਼ਨ ਪ੍ਰਾਪਤ ਕਰ ਸਕਦੇ ਹਨ।

ਇਹ ਬਦਲਾਅ 'ਇੱਕ ਦੇਸ਼-ਇੱਕ ਰਾਸ਼ਨ ਕਾਰਡ' (ਵਨ ਨੇਸ਼ਨ-ਵਨ ਰਾਸ਼ਨ ਕਾਰਡ) ਯੋਜਨਾ ਨਾਲ ਆਇਆ, ਜਿਸ ਨੂੰ ਖੁਰਾਕ ਸੁਰੱਖਿਆ ਐਕਟ ਦੇ ਤਹਿਤ ਸਾਰੇ ਨਾਗਰਿਕਾਂ ਦੇ ਲਈ ਖੁਰਾਕ ਸੁਰੱਖਿਆ ਯਕੀਨੀ ਬਣਾਉਣ ਦੇ ਉਦੇਸ਼ ਨਾਲ 2019 ਵਿੱਚ ਸ਼ੁਰੂ ਕੀਤਾ ਗਿਆ ਸੀ। ਇਸ ਯੋਜਨਾ ਦਾ ਪੂਰਾ ਵਿਚਾਰ ਮੋਬਾਈਲ ਨੰਬਰ ਪੋਰਟੇਬਿਲਿਟੀ ਵਰਗਾ ਹੀ ਹੈ। ਜਿਵੇਂ ਨੰਬਰ ਬਦਲੇ ਬਿਨਾ ਆਪ੍ਰੇਟਰ ਬਦਲਿਆ ਜਾ ਸਕਦਾ ਹੈ, ਉਸੇ ਤਰ੍ਹਾਂ ਹੀ ਹੁਣ ਲਾਭਪਾਤਰੀ ਬਿਨਾ ਨਵਾਂ ਕਾਰਡ ਬਣਵਾਏ, ਦੇਸ਼ ਵਿੱਚ ਕਿਤੇ ਵੀ ਆਪਣੇ ਕੋਟੇ ਦਾ ਰਾਸ਼ਨ ਲੈ ਸਕਦਾ ਹੈ। ਸਾਰੇ ਰਾਸ਼ਨ ਕਾਰਡਾਂ ਨੂੰ ਆਧਾਰ ਨਾਲ ਜੋੜਨ ਅਤੇ ਉਚਿਤ ਕੀਮਤਾਂ ਦੀਆਂ ਦੁਕਾਨਾਂ 'ਤੇ ਇਲੈਕਟ੍ਰੌਨਿਕ ਪੁਆਇੰਟ ਆਫ਼ ਸੇਲ ਮਸ਼ੀਨਾਂ ਲਗਾਉਣ ਨਾਲ ਇਹ ਪੋਰਟੇਬਿਲਿਟੀ ਸੰਭਵ ਹੋ ਸਕੀ।

*ਰਾਜ ਅਨੇਕ ਰਾਸ਼ਟਰ ਇੱਕ,*
*ਪਹਿਰਾਵੇ ਅਨੇਕ, ਟੀਚਾ ਇੱਕ,*
*ਬੋਲੀ ਅਨੇਕ ਸਵਰ ਇੱਕ,*
*ਭਾਸ਼ਾਵਾਂ ਅਨੇਕ ਭਾਵ ਇੱਕ,*
*ਰੰਗ ਅਨੇਕ ਤਿਰੰਗਾ ਇੱਕ,*
*ਸਮਾਜ ਅਨੇਕ ਭਾਰਤ ਇੱਕ,*
*ਰਿਵਾਜ਼ ਅਨੇਕ ਸੰਸਕਾਰ ਇੱਕ,*
*ਕਾਰਜ ਅਨੇਕ ਸੰਕਲਪ ਇੱਕ,*
*ਰਾਹ ਅਨੇਕ ਮੰਜ਼ਿਲ ਇੱਕ,*
*ਚਿਹਰੇ ਅਨੇਕ ਮੁਸਕਾਨ ਇੱਕ।*
*ਇਸੇ ਏਕਤਾ ਦੇ ਮੰਤਰ ਦੇ*
*ਨਾਲ ਦੇਸ਼ ਅੱਗੇ ਵਧੇਗਾ!*

ਇਹ ਯੋਜਨਾ ਵਿਸ਼ੇਸ਼ ਤੌਰ 'ਤੇ ਉਨ੍ਹਾਂ ਕਰੋੜਾਂ ਪ੍ਰਵਾਸੀ ਮਜ਼ਦੂਰਾਂ ਲਈ ਬਣਾਈ ਗਈ ਸੀ, ਜੋ ਰੋਜ਼ੀ-ਰੋਟੀ ਦੀ ਭਾਲ ਵਿੱਚ ਦੂਜੇ ਰਾਜਾਂ ਵਿੱਚ ਚਲੇ ਜਾਂਦੇ ਹਨ। ਹੁਣ ਉਨ੍ਹਾਂ ਦਾ ਅਧਿਕਾਰ ਕਿਸੇ ਵੀ ਰਾਜ ਵਿੱਚ ਮੂਲ ਰਾਜ ਦੀ ਤਰ੍ਹਾਂ ਹੀ ਮਿਲ ਜਾਂਦਾ ਹੈ। ਵਰਿੰਦਾਵਨ ਚੌਰਸੀਆ ਅਤੇ ਕ੍ਰਿਸ਼ਨਾ ਕੁਮਾਰ ਮੌਰਯਾ ਵਰਗੇ ਲੱਖਾਂ ਪ੍ਰਵਾਸੀ ਮਜ਼ਦੂਰ ਅਤੇ ਛੋਟੇ ਕਾਮੇ ਹਨ, ਜਿਨ੍ਹਾਂ ਦੇ ਲਈ ਇਹ ਛੋਟੀ ਜਿਹੀ ਤਕਨੀਕੀ ਸੁਵਿਧਾ, ਅਸਲ ਵਿੱਚ ਗੌਰਵ ਅਤੇ ਭਰੋਸੇ ਦਾ ਸਵਾਲ ਹੈ। ਇਹ ਉਸ ਵੱਡੀ ਤਸਵੀਰ ਦਾ ਇੱਕ ਟੁਕੜਾ ਭਰ ਹੈ, ਜਿਸ ਵਿੱਚ ਭਾਰਤ ਨੇ ਬੀਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਆਪਣੀਆਂ ਬਿਖਰੀਆਂ ਹੋਈਆਂ ਵਿਵਸਥਾਵਾਂ ਨੂੰ ਇੱਕ-ਇੱਕ ਕਰਕੇ, ਇੱਕ ਲੜੀ ਵਿੱਚ ਪਿਰੋਣਾ ਸ਼ੁਰੂ ਕਰ ਦਿੱਤਾ ਹੈ।

ਮਹਾਤਮਾ ਗਾਂਧੀ ਕਿਹਾ ਕਰਦੇ ਸਨ, "ਵਿਭਿੰਨਤਾ ਵਿੱਚ ਏਕਤਾ ਨੂੰ ਜਿਉਣ ਦੀ ਸਾਡੀ ਸਮਰੱਥਾ ਦੀ ਨਿਰੰਤਰ ਪ੍ਰੀਖਿਆ ਹੋਵੇਗੀ। ਇਸ ਪ੍ਰੀਖਿਆ ਨੂੰ ਸਾਨੂੰ ਹਰ ਹਾਲ ਵਿੱਚ ਪਾਸ ਕਰਦੇ ਰਹਿਣਾ ਹੈ।" ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ ਵਿਭਿੰਨਤਾ ਵਿੱਚ ਏਕਤਾ ਨੂੰ ਜਿਉਣ ਦੇ ਹਰ ਯਤਨ ਵਿੱਚ ਸਫ਼ਲਤਾ ਪ੍ਰਾਪਤ ਕੀਤੀ ਹੈ। ਸਰਕਾਰ ਨੇ ਆਪਣੀਆਂ ਨੀਤੀਆਂ ਅਤੇ ਫ਼ੈਸਲਿਆਂ ਵਿੱਚ 'ਏਕ ਭਾਰਤ' ਦੀ ਭਾਵਨਾ ਨੂੰ ਲਗਾਤਾਰ ਮਜ਼ਬੂਤ ਕੀਤਾ ਹੈ। ਅੱਜ ਵਨ ਨੇਸ਼ਨ-ਵਨ ਆਈਡੈਂਟਿਟੀ (ਆਧਾਰ), ਵਨ ਨੇਸ਼ਨ-ਵਨ ਟੈਕਸ (ਜੀਐੱਸਟੀ), ਵਨ ਨੇਸ਼ਨ-ਵਨ ਪਾਵਰ ਗ੍ਰਿਡ, ਵਨ ਨੇਸ਼ਨ-ਵਨ ਰਾਸ਼ਨ ਕਾਰਡ, ਵਨ ਨੇਸ਼ਨ-ਵਨ ਹੈਲਥ ਇੰਸ਼ੋਰੈਂਸ ਵਰਗੀ ਏਕੀਕ੍ਰਿਤ ਵਿਵਸਥਾ ਨੇ ਦੇਸ਼ ਨੂੰ ਇੱਕ ਲੜੀ ਵਿੱਚ ਜੋੜ ਦਿੱਤਾ ਹੈ। ਹੁਣ ਦੇਸ਼ 'ਵਨ ਨੇਸ਼ਨ-ਵਨ ਇਲੈਕਸ਼ਨ' ਦੀ ਦਿਸ਼ਾ ਵਿੱਚ ਕੰਮ ਕਰ ਰਿਹਾ ਹੈ, ਜੋ ਭਾਰਤ ਦੇ ਲੋਕਤੰਤਰ ਨੂੰ ਨਵੀਂ ਮਜ਼ਬੂਤੀ ਦੇਵੇਗਾ। ਭਾਰਤ ਅੱਜ 'ਵਨ ਨੇਸ਼ਨ-ਵਨ ਸਿਵਿਲ ਕੋਡ'... ਯਾਨੀ ਸੈਕਿਊਲਰ ਸਿਵਿਲ ਕੋਡ ਵੱਲ ਵੀ ਵਧ ਰਿਹਾ ਹੈ। ਇਸ ਦਾ ਐਲਾਨ ਖੁਦ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਵੀ ਕੀਤਾ ਸੀ। ਇਸ ਦੇ ਮੂਲ ਵਿੱਚ ਵੀ ਸਮਾਜਿਕ ਏਕਤਾ ਹੈ ਜੋ ਸਰਦਾਰ ਪਟੇਲ ਦੀ ਹੀ ਪ੍ਰੇਰਣਾ ਹੈ। ਇਸ ਨਾਲ ਵੱਖ-ਵੱਖ ਸਮਾਜਿਕ ਵਰਗਾਂ ਵਿੱਚ ਭੇਦਭਾਵ ਦੀ ਜੋ ਸ਼ਿਕਾਇਤ ਰਹਿੰਦੀ ਹੈ, ਉਸ ਨੂੰ ਦੂਰ ਕਰਨ ਵਿੱਚ ਮਦਦ ਮਿਲੇਗੀ, ਦੇਸ਼ ਦੀ ਏਕਤਾ ਅਤੇ ਅਖੰਡਤਾ ਹੋਰ ਮਜ਼ਬੂਤ ਹੋਵੇਗੀ।

## ਇੱਕ ਭਾਵਨਾ ਜੋ ਬਣ ਗਈ ਜਨਤਕ ਭਲਾਈ ਦੀ ਨੀਤੀ

ਇਸ ਪੂਰੀ ਯਾਤਰਾ ਦੀ ਨੀਂਹ 31 ਅਕਤੂਬਰ 2015 ਨੂੰ ਪਈ। ਸਰਦਾਰ ਪਟੇਲ, ਜਿਨ੍ਹਾਂ ਨੇ ਆਜ਼ਾਦੀ ਤੋਂ ਬਾਅਦ ਲਗਭਗ ਸਾਢੇ ਪੰਜ ਸੌ ਰਿਆਸਤਾਂ ਨੂੰ ਕੂਟਨੀਤੀ ਅਤੇ ਦ੍ਰਿੜ੍ਹਤਾ ਨਾਲ ਜੋੜ ਕੇ ਅੱਜ ਦੇ ਭਾਰਤ ਦਾ ਨਕਸ਼ਾ ਖਿੱਚਿਆ ਸੀ, ਉਨ੍ਹਾਂ ਦੀ ਜਯੰਤੀ 'ਤੇ ਪ੍ਰਧਾਨ ਮੰਤਰੀ ਮੋਦੀ ਨੇ ਰਾਸ਼ਟਰੀ ਏਕਤਾ ਦਿਵਸ ਦੇ ਸਮਾਰੋਹ ਵਿੱਚ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਦੀ ਸ਼ੁਰੂਆਤ ਕੀਤੀ। ਇਸ ਦਾ ਮੁੱਖ ਉਦੇਸ਼ ਸੀ- ਰਾਜਾਂ, ਕੇਂਦਰ ਸ਼ਾਸਿਤ ਪ੍ਰਦੇਸ਼ਾਂ, ਕੇਂਦਰੀ ਮੰਤਰਾਲਿਆਂ, ਵਿਦਿਅਕ ਸੰਸਥਾਨਾਂ ਅਤੇ ਆਮ ਜਨਤਾ ਦੇ ਦਰਮਿਆਨ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਪਰੰਪਰਾ ਦੇ ਸਿੱਧੇ ਅਦਾਨ-ਪ੍ਰਦਾਨ ਦੇ ਜ਼ਰੀਏ ਇੱਕ ਅਜਿਹੀ ਨਿਰੰਤਰ ਪ੍ਰਕਿਰਿਆ ਬਣਾਉਣਾ ਸੀ, ਜੋ ਦੇਸ਼ ਦੀ ਏਕਤਾ ਅਤੇ ਅਖੰਡਤਾ ਨੂੰ ਹੋਰ ਮਜ਼ਬੂਤ ਕਰੇ।

> *ਕਿਸੇ ਵੀ ਸਮਾਜ ਦੀ ਤਾਕਤ ਉਸ ਦੀ ਏਕਤਾ ਹੁੰਦੀ ਹੈ। ਇਸ ਲਈ, ਮਜ਼ਬੂਤ ਰਾਸ਼ਟਰ ਦੇ ਹਿਤੈਸ਼ੀ ਏਕਤਾ ਦੀ ਇਸ ਭਾਵਨਾ ਦੀ ਪ੍ਰਸ਼ੰਸਾ ਕਰਦੇ ਹਨ, ਉਸ ਦੇ ਲਈ ਯਤਨ ਕਰਦੇ ਹਨ। ਇਸ ਲਈ, ਦੇਸ਼ ਦੀ ਏਕਤਾ ਅਤੇ ਇਕਜੁੱਟਤਾ ਸਾਡੀ ਸਭ ਦੀ ਸਾਂਝੀ ਜ਼ਿੰਮੇਵਾਰੀ ਹੈ।*
>
> **-ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਸਿੱਖਿਆ ਮੰਤਰਾਲੇ ਦੀ ਅਗਵਾਈ ਹੇਠ ਸ਼ੁਰੂ ਹੋਏ ਇਸ ਪ੍ਰੋਗਰਾਮ ਦੇ ਤਹਿਤ ਹਰ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਨੂੰ ਕਿਸੇ ਦੂਜੇ ਰਾਜ ਨਾਲ 'ਜੋੜੀ' ਬਣਾ ਕੇ ਸੱਭਿਆਚਾਰਕ ਦੌਰੇ, ਭਾਸ਼ਾ-ਕੈਂਪ, ਵਿਦਿਆਰਥੀ-ਅਧਿਆਪਕ ਅਦਾਨ-ਪ੍ਰਦਾਨ ਅਤੇ ਉਤਸਵ ਆਯੋਜਿਤ ਕੀਤੇ ਜਾਣ ਲੱਗੇ। ਇਸ ਨਾਲ ਤਮਿਲ ਨਾਡੂ ਦਾ ਕੋਈ ਵਿਦਿਆਰਥੀ ਪੰਜਾਬ ਦੀ ਪਰੰਪਰਾ ਨੂੰ ਨੇੜਿਓਂ ਦੇਖਣ ਲੱਗਾ ਤਾਂ ਅਸਾਮ ਦਾ ਕੋਈ ਨੌਜਵਾਨ ਗੁਜਰਾਤ ਦੇ ਗਰਬਾ ਵਿੱਚ ਸ਼ਾਮਲ ਹੋ ਕੇ ਉੱਥੋਂ ਦੀ ਮਿੱਟੀ ਦੀ ਖੁਸ਼ਬੂ ਮਹਿਸੂਸ ਕਰਨ ਲੱਗਾ। ਸਕੂਲਾਂ-ਕਾਲਜਾਂ ਵਿੱਚ ਲੇਖ ਮੁਕਾਬਲੇ, ਕੁਇਜ਼ ਅਤੇ ਸੱਭਿਆਚਾਰਕ ਉਤਸਵ ਇਸ ਪਹਿਲਕਦਮੀ ਦਾ ਹਿੱਸਾ ਬਣੇ, ਜਿਸ ਨਾਲ 'ਅਨੇਕਤਾ ਵਿੱਚ ਏਕਤਾ' ਸਿਰਫ਼ ਕਿਤਾਬੀ ਲਾਈਨ ਨਾ ਰਹਿ ਕੇ ਬੱਚਿਆਂ ਦੇ ਅਨੁਭਵ ਦਾ ਹਿੱਸਾ ਬਣੀ। ਅੱਗੇ ਚੱਲ ਕੇ ਇਸ ਪਹਿਲ ਵਿੱਚ ਕਈ ਹੋਰ ਪਹਿਲੂ ਵੀ ਜੁੜਦੇ ਗਏ। ਟੂਰਿਜ਼ਮ ਪਰਵ ਦੇ ਦੌਰਾਨ ਦੇਸ਼ ਦੇ ਵੱਖ-ਵੱਖ ਹਿੱਸਿਆਂ ਵਿੱਚ ਸਥਾਨਕ ਸੱਭਿਆਚਾਰ ਅਤੇ ਸ਼ਿਲਪ ਨੂੰ ਉਤਸ਼ਾਹ ਦੇਣਾ, ਯੂਨੀਵਰਸਿਟੀਆਂ ਵਿੱਚ 'ਮਾਤ੍ਰੀ-ਭਾਸ਼ਾ ਗੌਰਵ' ਵਰਗੇ ਆਯੋਜਨ ਅਤੇ ਸਰਕਾਰੀ ਪ੍ਰੋਗਰਾਮਾਂ ਵਿੱਚ ਵੱਖ-ਵੱਖ ਭਾਸ਼ਾਵਾਂ ਅਤੇ ਬੋਲੀਆਂ ਨੂੰ ਜਗ੍ਹਾ ਦੇਣਾ। ਇਸ ਸਭ ਦਾ ਉਦੇਸ਼ ਇਹੋ ਸੀ ਕਿ ਏਕਤਾ ਕਿਸੇ ਇੱਕ ਭਾਸ਼ਾ ਜਾਂ ਸੱਭਿਆਚਾਰ ਨੂੰ ਥੋਪਣ ਨਾਲ ਨਹੀਂ, ਸਗੋਂ ਵਿਭਿੰਨਤਾ ਨੂੰ ਗਲ਼ੇ ਲਗਾ ਕੇ ਆਉਂਦੀ ਹੈ, ਜਿਵੇਂ ਸਰਦਾਰ ਪਟੇਲ ਨੇ ਖੁਦ ਵੱਖ-ਵੱਖ ਰਿਆਸਤਾਂ ਦੀ ਪਛਾਣ ਬਰਕਰਾਰ ਰੱਖਦੇ ਹੋਏ ਉਨ੍ਹਾਂ ਨੂੰ ਇੱਕ ਝੰਡੇ ਹੇਠ ਜੋੜਿਆ ਸੀ।

ਪਰ ਜੋ ਸ਼ੁਰੂਆਤ ਇੱਕ ਸੱਭਿਆਚਾਰਕ ਪ੍ਰਯੋਗ ਦੇ ਤੌਰ 'ਤੇ ਹੋਈ ਸੀ, ਉਹ ਹੌਲੀ-ਹੌਲੀ ਇੱਕ ਵਿਆਪਕ ਦਰਸ਼ਨ ਵਿੱਚ ਬਦਲ ਗਈ। ਇਹ ਸੋਚ ਕਿ ਜੇਕਰ ਭਾਰਤੀ ਹੋਣ ਦਾ ਮਤਲਬ ਇੱਕ ਸਾਂਝੀ ਪਛਾਣ ਹੈ, ਤਾਂ ਸ਼ਾਸਨ ਦੀਆਂ ਬੁਨਿਆਦੀ ਵਿਵਸਥਾਵਾਂ ਵੀ ਹਰ ਨਾਗਰਿਕ ਦੇ ਲਈ ਇੱਕੋ ਜਿਹੀਆਂ ਹੋਣੀਆਂ ਚਾਹੀਦੀਆਂ ਹਨ, ਭਾਵੇਂ ਉਹ ਜਿਸ ਰਾਜ, ਭਾਸ਼ਾ ਜਾਂ ਪਿਛੋਕੜ ਤੋਂ ਆਉਂਦਾ ਹੋਵੇ। ਇਸੇ ਸੋਚ ਦਾ ਨਤੀਜਾ ਹੋਇਆ ਕਿ ਅਗਲੇ ਕੁਝ ਵਰ੍ਹਿਆਂ ਵਿੱਚ ਇਹ ਸੋਚ, ਇੱਕ ਤੋਂ ਬਾਅਦ ਇੱਕ, ਵੱਡੇ ਢਾਂਚਾਗਤ ਸੁਧਾਰਾਂ ਵਿੱਚ ਬਦਲਣ ਲੱਗੀ।



# ਭਾਰਤ ਦੀ ਏਕਤਾ ਦੇ ਚਾਰ ਅਧਾਰ ਥੰਮ੍ਹ

**ਸੱਭਿਆਚਾਰਕ ਏਕਤਾ**
ਭਾਰਤ ਦੀਆਂ ਹਜ਼ਾਰਾਂ ਵਰ੍ਹਿਆਂ ਦੀਆਂ ਸੱਭਿਆਚਾਰਕ ਪਰੰਪਰਾਵਾਂ, ਤੀਰਥ, ਉਤਸਵ, ਯੋਗ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ ਦੇਸ਼ ਨੂੰ ਜੋੜਨ ਵਾਲੀ ਊਰਜਾ ਹਨ।

**ਭਾਸ਼ਾਈ ਏਕਤਾ**
ਸੈਂਕੜੇ ਭਾਸ਼ਾਵਾਂ ਅਤੇ ਬੋਲੀਆਂ ਨੂੰ ਭਾਰਤ ਦੀ ਵਿਭਿੰਨਤਾ ਦੀ ਤਾਕਤ ਮੰਨਦੇ ਹੋਏ ਸਾਰੀਆਂ ਭਾਰਤੀ ਭਾਸ਼ਾਵਾਂ ਨੂੰ ਸਨਮਾਨ ਅਤੇ ਉਤਸ਼ਾਹ ਦੇਣਾ।



**ਭੇਦਭਾਵ-ਮੁਕਤ ਵਿਕਾਸ-** ਗ਼ਰੀਬੀ, ਅਸਮਾਨਤਾ ਅਤੇ ਭੇਦਭਾਵ ਨੂੰ ਸਮਾਜਿਕ ਏਕਤਾ ਦੀ ਕਮਜ਼ੋਰੀ ਮੰਨਦੇ ਹੋਏ ਹਰੇਕ ਨਾਗਰਿਕ ਤੱਕ ਵਿਕਾਸ ਅਤੇ ਬੁਨਿਆਦੀ ਸਹੂਲਤਾਂ ਦੀ ਪਹੁੰਚ ਯਕੀਨੀ ਬਣਾਉਣਾ।

**ਕਨੈਕਟੀਵਿਟੀ ਨਾਲ ਦਿਲਾਂ ਦਾ ਕਨੈਕਸ਼ਨ-** ਸੜਕ, ਰੇਲਵੇ, ਹਾਈਵੇਅ, ਹਵਾਈ ਸੰਪਰਕ ਅਤੇ ਡਿਜੀਟਲ ਨੈੱਟਵਰਕ ਦੇ ਜ਼ਰੀਏ ਭੂਗੋਲਿਕ ਦੂਰੀ ਨੂੰ ਘੱਟ ਕਰਨਾ ਅਤੇ ਲੋਕਾਂ ਦੇ ਦਰਮਿਆਨ ਸੰਪਰਕ ਵਧਾਉਣਾ।

### ਵਿਕਾਸ ਅਤੇ ਵਿਸ਼ਵਾਸ ਦੀ ਏਕਤਾ 'ਏਕ ਭਾਰਤ' ਦਾ ਅਧਾਰ

ਬੀਤੇ 12 ਵਰ੍ਹਿਆਂ ਵਿੱਚ ਸਰਦਾਰ ਪਟੇਲ ਦੇ ਸੁਪਨਿਆਂ ਨੂੰ ਸਾਕਾਰ ਕਰਦੇ ਹੋਏ ਕੇਂਦਰ ਸਰਕਾਰ ਨੇ ਇੱਕ ਅਜਿਹੀ ਏਕੀਕ੍ਰਿਤ ਵਿਵਸਥਾ ਦਾ ਅਧਾਰ ਤਿਆਰ ਕਰ ਦਿੱਤਾ ਹੈ, ਜਿੱਥੇ ਸਾਰੇ ਨਾਗਰਿਕ ਰਾਜ ਦੀਆਂ ਸੀਮਾਵਾਂ ਤੋਂ ਪਰ੍ਹੇ, ਰਾਸ਼ਟਰੀਅਤਾ ਦੇ ਭਾਵ ਨਾਲ ਜੁੜ ਰਹੇ ਹਨ। ਇਹ ਭਾਰਤ ਦੇ ਪ੍ਰਤੀ, ਸਰਦਾਰ ਪਟੇਲ ਦੇ ਅਸਧਾਰਨ ਯੋਗਦਾਨ ਦੇ ਪ੍ਰਤੀ ਦੇਸ਼ਵਾਸੀਆਂ ਦੀ ਸ਼ਰਧਾਂਜਲੀ ਹੈ। ਉਨ੍ਹਾਂ ਦੇ ਦ੍ਰਿਸ਼ਟੀਕੋਣ ਨੇ ਇਹ ਸਿਖਾਇਆ ਹੈ ਕਿ ਅਸੰਭਵ ਜਿਹੇ ਦਿੱਸਣ ਵਾਲੇ ਕੰਮ ਨੂੰ ਵੀ ਸੰਭਵ ਬਣਾਇਆ ਜਾ ਸਕਦਾ ਹੈ। ਜਦੋਂ ਭਾਰਤ ਨੂੰ ਆਜ਼ਾਦੀ ਮਿਲੀ ਸੀ, ਤਾਂ ਦੁਨੀਆ ਵਿੱਚ ਕੁਝ ਲੋਕ ਸਨ , ਜੋ ਭਾਰਤ ਦੇ ਬਿਖਰਣ ਦਾ ਮੁਲਾਂਕਣ ਕਰ ਰਹੇ ਸਨ। ਉਨ੍ਹਾਂ ਲੋਕਾਂ ਨੂੰ ਜ਼ਰਾ ਵੀ ਉਮੀਦ ਨਹੀਂ ਸੀ ਕਿ ਸੈਂਕੜੇ ਰਿਆਸਤਾਂ ਨੂੰ ਇਕਜੁੱਟ ਕਰਕੇ, ਮੁੜ ਤੋਂ 'ਏਕ ਭਾਰਤ' ਦਾ ਨਿਰਮਾਣ ਹੋ ਸਕੇਗਾ। ਪਰ ਸਰਦਾਰ ਪਟੇਲ ਨੇ ਇਹ ਕਰਕੇ ਦਿਖਾਇਆ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਸ਼ਬਦਾਂ ਵਿੱਚ, ਇਹ ਇਸ ਲਈ ਸੰਭਵ ਹੋਇਆ ਕਿਉਂਕਿ ਸਰਦਾਰ ਪਟੇਲ ਵਿਵਹਾਰ ਵਿੱਚ ਯਥਾਰਥਵਾਦੀ, ਸੰਕਲਪ ਵਿੱਚ ਸੱਤਿਆਵਾਦੀ, ਕਾਰਜ ਵਿੱਚ ਮਨੁੱਖਤਾਵਾਦੀ ਅਤੇ ਟੀਚੇ ਵਿੱਚ ਰਾਸ਼ਟਰਵਾਦੀ ਸਨ।

ਅੱਜ ਭਾਰਤ ਜਦੋਂ ਭਾਸ਼ਾਵਾਂ ਦੀ ਗੱਲ ਕਰਦਾ ਹੈ ਤਾਂ ਉਸ ਵਿੱਚ ਵੀ ਏਕਤਾ ਦੀ ਇੱਕ ਮਜ਼ਬੂਤ ਕੜੀ ਹੁੰਦੀ ਹੈ। ਨਵੀਂ ਰਾਸ਼ਟਰੀ ਸਿੱਖਿਆ ਨੀਤੀ ਵਿੱਚ ਭਾਰਤੀ ਭਾਸ਼ਾਵਾਂ ਵਿੱਚ ਪੜ੍ਹਾਈ 'ਤੇ ਵਿਸ਼ੇਸ਼ ਜ਼ੋਰ ਦਿੱਤਾ ਗਿਆ ਹੈ। ਕੇਂਦਰ ਸਰਕਾਰ ਨੇ ਮਰਾਠੀ ਭਾਸ਼ਾ, ਬੰਗਲਾ ਭਾਸ਼ਾ, ਅਸਾਮੀ ਭਾਸ਼ਾ, ਪਾਲੀ ਭਾਸ਼ਾ ਅਤੇ ਪ੍ਰਾਕ੍ਰਿਤ ਭਾਸ਼ਾ, ਇਨ੍ਹਾਂ ਭਾਸ਼ਾਵਾਂ ਨੂੰ ਕਲਾਸੀਕਲ ਭਾਸ਼ਾਵਾਂ ਦਾ ਦਰਜਾ ਦਿੱਤਾ ਹੈ। ਭਾਸ਼ਾ ਦੀ ਤਰ੍ਹਾਂ ਹੀ ਅੱਜ ਦੇਸ਼ ਭਰ ਵਿੱਚ ਚੱਲ ਰਹੇ ਕਨੈਕਟੀਵਿਟੀ ਦੇ ਕੰਮ ਵੀ ਦੇਸ਼ ਦੀ ਏਕਤਾ ਨੂੰ ਮਜ਼ਬੂਤ ਕਰ ਰਹੇ ਹਨ। ਰੇਲਵੇ ਹੋਵੇ, ਰੋਡ ਹੋਵੇ, ਹਾਈਵੇਅ ਹੋਵੇ ਜਾਂ ਇੰਟਰਨੈੱਟ, ਇਨ੍ਹਾਂ ਆਧੁਨਿਕ ਇਨਫ੍ਰਾਸਟ੍ਰਕਚਰ ਨੇ ਪਿੰਡਾਂ ਨੂੰ ਸ਼ਹਿਰਾਂ ਨਾਲ ਜੋੜਿਆ ਹੈ। ਜਦੋਂ ਕਸ਼ਮੀਰ ਅਤੇ ਨੌਰਥ ਈਸਟ ਦੀਆਂ ਰਾਜਧਾਨੀਆਂ ਰੇਲਵੇ ਨਾਲ ਜੁੜਦੀਆਂ ਹਨ... ਜਦੋਂ ਲਕਸ਼ਦ੍ਵੀਪ ਅਤੇ ਅੰਡੇਮਾਨ-ਨਿਕੋਬਾਰ ਟਾਪੂ ਅੰਡਰ-ਸੀ ਕੇਬਲ ਅਤੇ ਤੇਜ਼ ਇੰਟਰਨੈੱਟ ਨਾਲ ਜੁੜਦੇ ਹਨ... ਜਦੋਂ ਪਹਾੜਾਂ 'ਤੇ ਲੋਕ ਮੋਬਾਈਲ ਨੈੱਟਵਰਕ ਨਾਲ ਜੁੜਦੇ ਹਨ... ਤਾਂ ਵਿਕਾਸ ਦੀ ਦੌੜ ਵਿੱਚ ਪਿੱਛੇ ਰਹਿ ਜਾਣ ਦਾ ਭਾਵ ਖ਼ਤਮ ਹੋ ਜਾਂਦਾ ਹੈ। ਸਬਕਾ ਸਾਥ, ਸਬਕਾ ਵਿਕਾਸ ਹੁਣ ਸੁਸ਼ਾਸਨ ਦਾ ਮੰਤਰ ਬਣ ਚੁੱਕਿਆ ਹੈ। ਵਿਕਾਸ ਅਤੇ ਵਿਸ਼ਵਾਸ ਦੀ ਇਹੋ ਏਕਤਾ, ਏਕ ਭਾਰਤ – ਸ਼੍ਰੇਸ਼ਠ ਭਾਰਤ ਦੇ ਨਿਰਮਾਣ ਨੂੰ ਗਤੀ ਦਿੰਦੀ ਹੈ।

### ਚਾਰ ਥੰਮ੍ਹਾਂ 'ਤੇ ਭਾਰਤ ਦੀ ਏਕਤਾ ਨੂੰ ਕਾਇਮ ਰੱਖਣਾ

# ਏਕ ਭਾਰਤ, ਸ਼੍ਰੇਸ਼ਠ ਭਾਰਤ

## ਸੱਭਿਆਚਾਰ ਤੋਂ ਰਾਸ਼ਟਰੀ ਏਕੀਕਰਣ ਤੱਕ

***ਸ਼ੁਰੂਆਤ: 31 ਅਕਤੂਬਰ 2015***

- ਸਰਦਾਰ ਵੱਲਭਭਾਈ ਪਟੇਲ ਦੀ 140ਵੀਂ ਜਯੰਤੀ ਯਾਨੀ ਰਾਸ਼ਟਰੀ ਏਕਤਾ ਦਿਵਸ ‘ਤੇ ਸ਼ੁਰੂ ਹੋਈ ਇਸ ਪਹਿਲਕਦਮੀ ਦਾ ਮੂਲ ਉਦੇਸ਼ ਰਾਜਾਂ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਦਰਮਿਆਨ ਭਾਸ਼ਾ, ਸਾਹਿਤ, ਸੱਭਿਆਚਾਰ ਅਤੇ ਪਰੰਪਰਾਵਾਂ ਦਾ ਅਦਾਨ-ਪ੍ਰਦਾਨ ਵਧਾਉਣਾ ਸੀ।
- ਰਾਜਾਂ ਦੀਆਂ ਜੋੜੀਆਂ ਬਣਾ ਕੇ ਸੱਭਿਆਚਾਰਕ ਯਾਤਰਾਵਾਂ, ਭਾਸ਼ਾ ਕੈਂਪ, ਵਿਦਿਆਰਥੀ-ਅਧਿਆਪਕ ਅਦਾਨ-ਪ੍ਰਦਾਨ, ਉਤਸਵ, ਕੁਇਜ਼ ਅਤੇ ਲੇਖ ਮੁਕਾਬਲੇ ਆਯੋਜਿਤ ਕੀਤੇ ਗਏ। ਵਿਚਾਰ ਇਹ ਸੀ ਕਿ ਦੇਸ਼ ਦੇ ਇੱਕ ਹਿੱਸੇ ਦੇ ਨਾਗਰਿਕ ਦੂਜੇ ਹਿੱਸੇ ਨੂੰ ਸਿਰਫ਼ ਨਕਸ਼ੇ ‘ਤੇ ਹੀ ਨਹੀਂ, ਸਗੋਂ ਅਨੁਭਵ ਦੇ ਜ਼ਰੀਏ ਜਾਣਨ।
- ਸਮੇਂ ਦੇ ਨਾਲ ਇਹ ਪਹਿਲ ਇੱਕ ਵਿਆਪਕ ਦਰਸ਼ਨ ਵਿੱਚ ਬਦਲਦੀ ਗਈ। ਵਿਭਿੰਨਤਾ ਨੂੰ ਬਣਾਏ ਰੱਖਦੇ ਹੋਏ ਏਕਤਾ ਨੂੰ ਮਜ਼ਬੂਤ ਕਰਨ ਦੀ ਸੋਚ ਨੇ ਅੱਗੇ ਚੱਲ ਕੇ ਵਿਵਸਥਾਵਾਂ ਦੇ ਏਕੀਕਰਣ ਦੀ ਜ਼ਮੀਨ ਤਿਆਰ ਕੀਤੀ।
- ਭਾਸ਼ਾਈ ਏਕਤਾ ਦੇ ਲਈ ਭਾਰਤੀ ਭਾਸ਼ਾਵਾਂ ਵਿੱਚ ਸਿੱਖਿਆ ਅਤੇ ਭਾਸ਼ਾ-ਪ੍ਰਸਾਰ।
- ਸੌਰਾਸ਼ਟਰ ਤਮਿਲ ਸੰਗਮਮ ਅਤੇ ਕਾਸ਼ੀ ਤਮਿਲ ਸੰਗਮਮ ਵਰਗੇ ਸੱਭਿਆਚਾਰਕ ਆਯੋਜਨ।
- ਅੰਤਰਰਾਸ਼ਟਰੀ ਯੋਗ ਦਿਵਸ ਦੇ ਜ਼ਰੀਏ ਸੱਭਿਆਚਾਰਕ ਜੁੜਾਅ।

**ਕਾਸ਼ੀ-ਤਮਿਲ ਸੰਗਮਮ** ਵਰ੍ਹੇ 2022 ਵਿੱਚ ਪ੍ਰਧਾਨ ਮੰਤਰੀ ਮੋਦੀ ਦੁਆਰਾ ਉਦਘਾਟਨ ਕੀਤੇ ਗਏ ਕਾਸ਼ੀ ਤਮਿਲ ਸੰਗਮਮ (ਕੇਟੀਐੱਸ) ਨੇ ਸੱਭਿਆਚਾਰਕ ਪੁਲ ਦੀ ਨੀਂਹ ਰੱਖੀ, ਜੋ ਹੁਣ ਤੱਕ ਹੋਏ ਚਾਰ ਸੰਸਕਰਣਾਂ ਵਿੱਚ ਹੋਰ ਮਜ਼ਬੂਤ ਹੁੰਦਾ ਰਿਹਾ ਹੈ। ਇਹ ਤਮਿਲ ਨਾਡੂ-ਕਾਸ਼ੀ ਦੇ ਦਰਮਿਆਨ ਇੱਕ ਸੱਭਿਆਚਾਰਕ ਅਤੇ ਵਿਦਿਅਕ ਭਾਈਵਾਲੀ ਦੇ ਰੂਪ ਵਿੱਚ ਵਿਕਸਿਤ ਹੋਇਆ ਹੈ।

- ਕੇਟੀਐੱਸ 1.0 ਵਿੱਚ ਵਿਆਪਕ ਸੱਭਿਆਚਾਰਕ ਅਨੁਭਵ। ਕੇਟੀਐੱਸ 2.0 ਵਿੱਚ ਵਿਸਤ੍ਰਿਤ ਜਨਤਕ ਭਾਗੀਦਾਰੀ ਅਤੇ ਵਿਸ਼ਾ-ਅਧਾਰਿਤ ਸ਼ਮੂਲੀਅਤ। ਕੇਟੀਐੱਸ 3.0 ਗਿਆਨ-ਕੇਂਦ੍ਰਿਤ। ਕੇਟੀਐੱਸ 4.0 ਦੇ ਨਾਲ, ਸੰਗਮ ਤਮਿਲ ਭਾਸ਼ਾ ਸਿੱਖਣ ਨੂੰ ਸਭ ਤੋਂ ਉੱਪਰ ਰੱਖਿਆ ਗਿਆ।

**ਸੌਰਾਸ਼ਟਰ ਤਮਿਲ ਸੰਗਮਮ:** ਸੌਰਾਸ਼ਟਰ ਤਮਿਲ ਸੰਗਮਮ ਦਾ ਆਯੋਜਨ 2023 ਵਿੱਚ ਕੀਤਾ ਗਿਆ ਸੀ। ਸੌਰਾਸ਼ਟਰ ਤਮਿਲ ਸੰਗਮਮ, ਗੁਜਰਾਤ ਅਤੇ ਤਮਿਲ ਨਾਡੂ ਦੇ ਦਰਮਿਆਨ ਸਾਂਝੀ ਸੰਸਕ੍ਰਿਤੀ ਅਤੇ ਵਿਰਾਸਤ ਦਾ ਉਤਸਵ ਬਣਿਆ। ਇਸ 10 ਦਿਨਾਂ ਉਤਸਵ ਵਿੱਚ 3,000 ਤੋਂ ਵੱਧ ਸੌਰਾਸ਼ਟਰ ਦੇ ਤਮਿਲ ਨਿਵਾਸੀਆਂ ਨੇ ਹਿੱਸਾ ਲਿਆ।



**ਯੁਵਾ ਸੰਗਮ:** ਇਸ ਦਾ 7ਵਾਂ ਪੜਾਅ ਹੁਣ ਚੱਲ ਰਿਹਾ ਹੈ ਜਿਸ ਵਿੱਚ ਨੌਜਵਾਨਾਂ ਨੂੰ ਵਿਦਿਅਕ ਯਾਤਰਾਵਾਂ ਦਾ ਮੌਕਾ ਮਿਲਦਾ ਹੈ।

**ਭਾਸ਼ਾ ਸੰਗਮ:** ਇਸ ਐਪ ਦਾ ਉਦੇਸ਼ ਦੇਸ਼ਵਾਸੀਆਂ ਨੂੰ ਵੱਖ-ਵੱਖ ਭਾਰਤੀ ਭਾਸ਼ਾਵਾਂ ਤੋਂ ਜਾਣੂ ਕਰਵਾਉਣਾ ਅਤੇ ਸਿੱਖਣ ਦਾ ਮੌਕਾ ਦੇਣਾ ਹੈ।

ਵਿਕਸਿਤ ਭਾਰਤ ਦੇ ਟੀਚੇ ਤੱਕ ਪਹੁੰਚਣ ਲਈ, ਏਕਤਾ ਸਭ ਤੋਂ ਉੱਚਾ ਅਧਾਰ ਹੈ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਖੁਦ ਇਸ ਏਕਤਾ ਲਈ ਚਾਰ ਮਹੱਤਵਪੂਰਨ ਅਨੁਸ਼ਠਾਨ ਨਿਰਧਾਰਿਤ ਕੀਤੇ ਹਨ, ਜਿਨ੍ਹਾਂ ‘ਤੇ ਦੇਸ਼ ਨਿਰੰਤਰ ਕੰਮ ਕਰ ਰਿਹਾ ਹੈ।

ਏਕਤਾ ਦਾ ਪਹਿਲਾ ਥੰਮ੍ਹ ਹੈ- ਸੱਭਿਆਚਾਰਕ ਏਕਤਾ। ਇਹ ਭਾਰਤ ਦੀ ਸੰਸਕ੍ਰਿਤੀ ਹੀ ਹੈ, ਜਿਸ ਨੇ ਹਜ਼ਾਰਾਂ ਵਰ੍ਹਿਆਂ ਤੋਂ ਰਾਜਨੀਤਿਕ ਹਾਲਤਾਂ ਤੋਂ

# ਇੱਕ ਰਾਸ਼ਟਰ, ਇੱਕ ਸਮਾਂ

## ਵਿਦੇਸ਼ੀ ਸੈਟੇਲਾਈਟ-ਅਧਾਰਿਤ ਸਮਾਂ ਸਰੋਤਾਂ 'ਤੇ ਨਿਰਭਰਤਾ ਹੋਵੇਗੀ ਘੱਟ

27 ਅਗਸਤ 2026 ਨੂੰ ਖਪਤਕਾਰ ਮਾਮਲੇ ਵਿਭਾਗ ਨੇ 'ਲੀਗਲ ਮੈਟਰੋਲੋਜੀ (ਇੰਡੀਅਨ ਸਟੈਂਡਰਡ ਟਾਈਮ) ਨਿਯਮ, 2026' ਨੋਟੀਫਾਈ ਕੀਤਾ ਹੈ। ਇਹ ਨਿਯਮ ਗਜ਼ਟ ਵਿੱਚ ਪ੍ਰਕਾਸ਼ਨ ਦੇ 180 ਦਿਨਾਂ ਬਾਅਦ ਲਾਗੂ ਹੋਣਗੇ। ਪੂਰੇ ਦੇਸ਼ ਵਿੱਚ ਕਾਨੂੰਨੀ, ਪ੍ਰਸ਼ਾਸਨਿਕ, ਵਪਾਰਕ ਅਤੇ ਅਧਿਕਾਰਤ ਉਦੇਸ਼ਾਂ ਦੇ ਲਈ ਭਾਰਤੀ ਮਿਆਰੀ ਸਮੇਂ (IST) ਨੂੰ ਸਮਾਨ ਸਮਾਂ-ਸੰਦਰਭ ਬਣਾਇਆ ਜਾਵੇਗਾ।

- 'ਇੱਕ ਰਾਸ਼ਟਰ, ਇੱਕ ਸਮਾਂ' ਦੀ ਇਸ ਪਹਿਲ ਨਾਲ ਭਾਰਤੀ ਸਮਾਂ ਪ੍ਰਸਾਰ ਬੁਨਿਆਦੀ ਢਾਂਚੇ ਤੋਂ ਵਿਦੇਸ਼ੀ ਸੈਟੇਲਾਈਟ-ਅਧਾਰਿਤ ਸਮਾਂ ਸਰੋਤਾਂ 'ਤੇ ਨਿਰਭਰਤਾ ਘੱਟ ਕਰਨ ਵਿੱਚ ਮਦਦ ਮਿਲੇਗੀ।
- ਸਾਂਝੇ ਸਮਾਂ-ਸੰਦਰਭ ਨਾਲ ਬੈਂਕਿੰਗ ਅਤੇ ਡਿਜੀਟਲ ਭੁਗਤਾਨਾਂ ਦੀ ਸਹੀ ਟਾਈਮ-ਸਟੈਂਪਿੰਗ ਸੰਭਵ ਹੋਵੇਗੀ।
- ਰੇਲਵੇ, ਹਵਾਈ ਅੱਡਿਆਂ, ਦੂਰਸੰਚਾਰ, ਇੰਟਰਨੈੱਟ ਅਤੇ ਬਿਜਲੀ ਪ੍ਰਣਾਲੀਆਂ ਦੇ ਬਿਹਤਰ ਤਾਲਮੇਲ ਵਿੱਚ ਮਦਦ ਮਿਲੇਗੀ।
- ਸਰਕਾਰੀ-ਕਾਨੂੰਨੀ ਰਿਕਾਰਡ ਅਤੇ ਐਮਰਜੈਂਸੀ ਅਤੇ ਹੋਰ ਸਮਾਂ-ਸੰਵੇਦਨਸ਼ੀਲ ਸੇਵਾਵਾਂ ਦੇ ਤਾਲਮੇਲ ਵਿੱਚ ਵੀ ਸੁਧਾਰ ਹੋਵੇਗਾ।



> *ਕਾਸ਼ੀ ਤਮਿਲ ਸੰਗਮਮ ਅਤੇ ਸੌਰਾਸ਼ਟਰ ਤਮਿਲ ਸੰਗਮਮ ਪਹਿਲ ਸੱਭਿਆਚਾਰਕ ਅਦਾਨ-ਪ੍ਰਦਾਨ ਦਾ ਇੱਕ ਜੀਵੰਤ ਪਲੈਟਫਾਰਮ ਬਣ ਗਈ ਹੈ। ਇਹ ਭਾਰਤ ਦੀ ਅਨੇਕਤਾ ਵਿੱਚ ਏਕਤਾ ਦਾ ਮਹੋਤਸਵ ਮਨਾਉਂਦੇ ਹੋਏ ਪਰੰਪਰਾਵਾਂ, ਭਾਸ਼ਾਵਾਂ ਅਤੇ ਭਾਈਚਾਰਿਆਂ ਨੂੰ ਜੋੜਦੀ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

ਵੱਖ ਭਾਰਤ ਨੂੰ ਇੱਕ ਰਾਸ਼ਟਰ ਦੇ ਰੂਪ ਵਿੱਚ ਅਮਰ ਰੱਖਿਆ ਹੈ। ਦ੍ਵਾਦਸ਼ ਜਯੋਤਿਰਲਿੰਗ, ਸੱਤ ਪੁਰੀਆਂ, ਚਾਰ ਧਾਮ, 50 ਤੋਂ ਵੱਧ ਸ਼ਕਤੀਪੀਠ, ਤੀਰਥ ਯਾਤਰਾਵਾਂ ਦੀ ਪਰੰਪਰਾ, ਇਹ ਉਹ ਪ੍ਰਾਣ ਊਰਜਾ ਹੈ, ਜੋ ਭਾਰਤ ਨੂੰ ਇੱਕ ਜਾਗਰੂਕ ਰਾਸ਼ਟਰ ਬਣਾਉਂਦੀ ਹੈ। ਇਸ ਪਰੰਪਰਾ ਨੂੰ, ਅੱਜ ਸੌਰਾਸ਼ਟਰ ਤਮਿਲ ਸੰਗਮਮ ਅਤੇ ਕਾਸ਼ੀ ਤਮਿਲ ਸੰਗਮਮ ਵਰਗੇ ਆਯੋਜਨਾਂ ਦੇ ਜ਼ਰੀਏ ਅੱਗੇ ਵਧਾਇਆ ਜਾ ਰਿਹਾ ਹੈ। ਅੰਤਰਰਾਸ਼ਟਰੀ ਯੋਗ ਦਿਵਸ ਦੇ ਜ਼ਰੀਏ ਭਾਰਤ ਦੇ ਮਹਾਨ ਯੋਗ ਵਿਗਿਆਨ ਨੂੰ ਵੀ ਨਵੀਂ ਪਛਾਣ ਮਿਲ ਰਹੀ ਹੈ। ਭਾਰਤ ਦਾ ਯੋਗ ਅੱਜ ਲੋਕਾਂ ਨੂੰ ਜੋੜਨ ਦਾ ਮਾਧਿਅਮ ਬਣ ਰਿਹਾ ਹੈ।

**ਏਕਤਾ ਦਾ ਦੂਜਾ ਥੰਮ੍ਹ ਹੈ- ਭਾਸ਼ਾਈ ਏਕਤਾ:** ਭਾਰਤ ਦੀਆਂ ਸੈਂਕੜੇ ਭਾਸ਼ਾਵਾਂ ਅਤੇ ਬੋਲੀਆਂ, ਇਸ ਦੀ ਖੁੱਲ੍ਹੀ ਅਤੇ ਰਚਨਾਤਮਕ ਸੋਚ ਦਾ ਪ੍ਰਤੀਕ ਹਨ। ਇੱਥੇ ਕਿਸੇ ਸਮਾਜ ਨੇ, ਸੱਤਾ ਨੇ ਜਾਂ ਭਾਈਚਾਰੇ ਨੇ ਕਦੇ ਵੀ ਭਾਸ਼ਾ ਨੂੰ ਆਪਣਾ ਹਥਿਆਰ ਨਹੀਂ ਬਣਾਇਆ। ਇੱਕ ਭਾਸ਼ਾ ਨੂੰ ਥੋਪਣ ਦਾ ਯਤਨ ਨਹੀਂ ਹੋਇਆ। ਤਾਂ ਭਾਰਤ ਭਾਸ਼ਾਈ ਵਿਭਿੰਨਤਾ ਦੀ ਦ੍ਰਿਸ਼ਟੀ ਨਾਲ ਵਿਸ਼ਵ ਦਾ ਇੰਨਾ ਸਮ੍ਰਿੱਧ ਰਾਸ਼ਟਰ ਬਣਿਆ ਹੈ। ਭਾਰਤੀ ਭਾਸ਼ਾਵਾਂ ਨੇ ਸੰਗੀਤ ਦੇ ਵੱਖ-ਵੱਖ ਸੁਰਾਂ ਦੀ ਤਰ੍ਹਾਂ ਰਾਸ਼ਟਰ ਦੀ ਪਛਾਣ ਨੂੰ ਮਜ਼ਬੂਤ ਬਣਾਇਆ ਹੈ। ਇਹੀ ਕਾਰਨ ਹੈ ਕਿ ਮੌਜੂਦਾ ਸਰਕਾਰ ਹਰ ਭਾਸ਼ਾ ਨੂੰ ਰਾਸ਼ਟਰੀ ਭਾਸ਼ਾ ਮੰਨਦੀ ਹੈ। ਭਾਰਤ ਕੋਲ ਤਮਿਲ ਵਰਗੀ ਦੁਨੀਆ ਦੀ ਸਭ ਤੋਂ ਪੁਰਾਣੀ ਭਾਸ਼ਾ ਹੈ, ਸੰਸਕ੍ਰਿਤ ਵਰਗੀ ਗਿਆਨ ਦੀ ਵਿਰਾਸਤ ਹੈ। ਅੱਜ ਹਰ ਭਾਰਤੀ ਭਾਸ਼ਾ ਨੂੰ ਉਤਸ਼ਾਹਿਤ ਕੀਤਾ ਜਾ ਰਿਹਾ ਹੈ, ਤਾਂ ਜੋ ਭਾਰਤ ਦਾ ਹਰ ਬੱਚਾ ਆਪਣੀ ਮਾਤ੍ਰੀ-ਭਾਸ਼ਾ ਵਿੱਚ ਪੜ੍ਹਾਈ ਕਰ ਸਕੇ। ਇਹ ਵੀ ਯਤਨ ਹੈ ਕਿ ਭਾਰਤ ਦੇ ਲੋਕ ਦੇਸ਼ ਦੀਆਂ ਦੂਜੀਆਂ ਭਾਸ਼ਾਵਾਂ ਨੂੰ ਵੀ ਜਾਣਨ, ਉਨ੍ਹਾਂ ਤੋਂ ਸਿੱਖਣ ਅਤੇ ਭਾਸ਼ਾਵਾਂ ਰਾਸ਼ਟਰ ਦੀ ਏਕਤਾ ਦਾ ਸੂਤਰਧਾਰ ਬਣਨ।

**ਏਕਤਾ ਦਾ ਤੀਜਾ ਥੰਮ੍ਹ ਹੈ- ਭੇਦਭਾਵ ਮੁਕਤ ਵਿਕਾਸ।**

ਗ਼ਰੀਬੀ ਅਤੇ ਭੇਦਭਾਵ ਹੀ ਸਮਾਜਿਕ ਢਾਂਚੇ ਦੀਆਂ ਸਭ ਤੋਂ ਵੱਡੀਆਂ ਕਮਜ਼ੋਰੀਆਂ ਹੁੰਦੀਆਂ ਹਨ। ਹਮਲਾਵਰਾਂ ਨੇ ਹਮੇਸ਼ਾ ਇਨ੍ਹਾਂ ਕਮਜ਼ੋਰੀਆਂ ਦੀ ਵਰਤੋਂ ਕੀਤੀ

# ਏਕ ਭਾਰਤ, ਸ਼੍ਰੇਸ਼ਠ ਭਾਰਤ ਦੀ ਮਜ਼ਬੂਤੀ ਦੇ ਸੂਤਰ



**ਖੁਰਾਕ ਉਤਸਵ - ਖੁਰਾਕ ਪਰੰਪਰਾ:** ਆਪਣੇ-ਆਪਣੇ ਜੋੜੀਦਾਰ ਰਾਜਾਂ ਨਾਲ ਸਬੰਧਿਤ ਰਾਜ ਦੇ ਖਾਣ-ਪੀਣ ਦਾ ਅਦਾਨ-ਪ੍ਰਦਾਨ ਕਰਨ ਦੇ ਲਈ ਪ੍ਰੋਗਰਾਮਾਂ ਦਾ ਆਯੋਜਨ ... ਭਾਗੀਦਾਰੀ ਜੋੜੀਦਾਰ ਰਾਜਾਂ ਦੇ ਖਾਣ-ਪੀਣ ਦਾ ਸੁਆਦ ਲੈ ਸਕਣ ਅਤੇ ਉਨ੍ਹਾਂ ਦੇ ਪ੍ਰਮੁੱਖ ਪਕਵਾਨਾਂ ਨੂੰ ਜਾਣ ਸਕਣ।

**ਸੱਭਿਆਚਾਰ ਦਾ ਅਦਾਨ-ਪ੍ਰਦਾਨ:** ਭਾਰਤ ਦੇ ਸੱਭਿਆਚਾਰ ਅਤੇ ਤਿਉਹਾਰਾਂ ਨੂੰ ਜਾਣਨ ਲਈ ਇਸ ਥੀਮ ਹੇਠ ਵੱਖ-ਵੱਖ ਰਾਜਾਂ ਦੇ ਤਿਉਹਾਰ ਕਿਸ ਤਰ੍ਹਾਂ ਮਨਾਏ ਜਾਂਦੇ ਹਨ, ਉਨ੍ਹਾਂ ਦਾ ਕੀ ਮਹੱਤਵ ਹੈ, ਇਸ ਤਰ੍ਹਾਂ ਦੇ ਪ੍ਰੋਗਰਾਮ ਆਯੋਜਿਤ ਕੀਤੇ ਜਾਂਦੇ ਹਨ। ਰਾਜ ਦੇ ਘਰੇਲੂ ਨੁਸਖਿਆਂ ਦਾ ਪ੍ਰਦਰਸ਼ਨ ਵੀ ਕੀਤਾ ਜਾਂਦਾ ਹੈ।

**ਯੁਵਾ ਮਹੋਤਸਵ:** ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ਾਂ ਦੇ ਚੁਣੇ ਹੋਏ ਸੰਸਥਾਨ ਯੁਵਾ ਮਹੋਤਸਵ ਆਯੋਜਿਤ ਕਰਦੇ ਹਨ। ਆਪਣੇ ਰਾਜ ਅਤੇ ਜੋੜੀਦਾਰ ਰਾਜ ਦੀਆਂ ਸਾਰੀਆਂ ਯੂਨੀਵਰਸਿਟੀਆਂ ਅਤੇ ਕਾਲਜਾਂ ਨੂੰ ਸੱਦਾ ਦਿੰਦੇ ਹਨ।

**ਏਕ ਭਾਰਤ, ਸ਼੍ਰੇਸ਼ਠ ਭਾਰਤ ਕਲੱਬ:** ਦੇਸ਼ ਭਰ ਦੇ ਵਿਦਿਅਕ ਸੰਸਥਾਨਾਂ ਵਿੱਚ ਏਕ ਭਾਰਤ, ਸ਼੍ਰੇਸ਼ਠ ਭਾਰਤ ਕਲੱਬ ਬਣੇ ਹੋਏ ਹਨ। ਇਹ ਕਲੱਬ ਮੁਹਿੰਮ ਦੇ ਸੰਦੇਸ਼ ਦਾ ਪ੍ਰਸਾਰ ਕਰਦੇ ਹਨ। ਕਲੱਬ ਹਰ ਮਹੀਨੇ  ਏਕ ਭਾਰਤ, ਸ਼੍ਰੇਸ਼ਠ ਭਾਰਤ ਦਿਵਸ ਮਨਾਉਂਦੇ ਹਨ।

**ਵਿਦਿਅਕ ਅਦਾਨ-ਪ੍ਰਦਾਨ:** ਇਸ ਦੇ ਤਹਿਤ ਵਿਦਿਅਕ ਸੰਸਥਾਨ ਆਪਸ ਵਿੱਚ ਸਬੰਧਿਤ ਵਿਸ਼ਿਆਂ 'ਤੇ ਗੱਲਬਾਤ ਕਰਦੇ ਹਨ। ਸੈਮੀਨਾਰ, ਵੈਬੀਨਾਰ ਆਯੋਜਿਤ ਕਰਨ ਤੋਂ ਇਲਾਵਾ ਜੋੜੀਦਾਰ ਰਾਜਾਂ ਦੇ ਸੰਸਥਾਨਾਂ ਦਾ ਦੌਰਾ ਵੀ ਕਰਦੇ ਹਨ।

**ਖੇਡਾਂ ਦਾ ਆਯੋਜਨ:** ਏਕ ਭਾਰਤ, ਸ਼੍ਰੇਸ਼ਠ ਭਾਰਤ ਦੇ ਤਹਿਤ ਖੇਡ ਗਤੀਵਿਧੀਆਂ ਆਯੋਜਿਤ ਕੀਤੀਆਂ ਜਾਂਦੀਆਂ ਹਨ ਜਿਨ੍ਹਾਂ ਵਿੱਚ ਟੀਮ ਦਾ ਖੇਡਾਂ 'ਤੇ ਫੋਕਸ ਰਹਿੰਦਾ ਹੈ ਤਾਂ ਜੋ ਨੌਜਵਾਨਾਂ ਵਿੱਚ ਟੀਮ ਭਾਵਨਾ ਵਿਕਸਿਤ ਹੋਵੇ। ਰਵਾਇਤੀ ਖੇਡਾਂ ਨੂੰ ਤਰਜੀਹ ਦਿੱਤੀ ਜਾਂਦੀ ਹੈ।

ਹੈ। ਇਸ ਲਈ ਸਰਦਾਰ ਪਟੇਲ ਗ਼ਰੀਬੀ ਦੇ ਖਿਲਾਫ ਦੇਸ਼ ਦੇ ਲਈ ਲੰਬੇ ਸਮੇਂ ਦੀ  ਯੋਜਨਾ 'ਤੇ ਕੰਮ ਕਰਨਾ ਚਾਹੁੰਦੇ ਸਨ। ਉਨ੍ਹਾਂ ਨੇ ਇੱਕ ਵਾਰ ਕਿਹਾ ਸੀ ਕਿ ਜੇਕਰ ਭਾਰਤ ਨੂੰ ਆਜ਼ਾਦੀ 1947 ਦੀ ਬਜਾਏ ਉਸ ਤੋਂ ਵੀ 10 ਵਰ੍ਹੇ ਪਹਿਲਾਂ ਮਿਲ ਗਈ ਹੁੰਦੀ, ਤਾਂ 1947 ਤੱਕ ਭਾਰਤ ਅਨਾਜ ਦੀ ਕਮੀ ਦੇ ਸੰਕਟ ਤੋਂ ਮੁਕਤ ਹੋ ਚੁੱਕਿਆ ਹੁੰਦਾ। ਕੇਂਦਰ ਸਰਕਾਰ ਅੱਜ ਸਰਦਾਰ ਪਟੇਲ ਦੇ ਇਨ੍ਹਾਂ ਅਧੂਰੇ ਸੰਕਲਪਾਂ ਨੂੰ ਵੀ ਪੂਰਾ ਕਰਨ ਵਿੱਚ ਲੱਗੀ ਹੋਈ ਹੈ। ਬੀਤੇ 12 ਵਰ੍ਹਿਆਂ

ਟੂਰਿਜ਼ਮ ਅਦਾਨ-ਪ੍ਰਦਾਨ: ਇਸ ਦਾ ਉਦੇਸ਼ ਜੋੜੀਦਾਰ ਰਾਜਾਂ ਦੇ ਪ੍ਰਮੁੱਖ ਟੂਰਿਜ਼ਮ ਸਥਾਨਾਂ ਅਤੇ ਆਕਰਸ਼ਣਾਂ ਬਾਰੇ ਜਾਣਕਾਰੀ ਪ੍ਰਾਪਤ ਕਰਨਾ ਅਤੇ ਉਨ੍ਹਾਂ ਨੂੰ ਸਮਝਣਾ ਹੈ। ਇਨ੍ਹਾਂ ਵਿੱਚ ਸਮਾਰਕਾਂ ਅਤੇ ਟੂਰਿਜ਼ਮ ਸਥਾਨਾਂ ਬਾਰੇ ਜਾਣਕਾਰੀ ਦਾ ਪ੍ਰਸਾਰ, ਟੂਰ ਆਪ੍ਰੇਟਰ ਲਈ ਰੋਡ ਸ਼ੋਅ, ਹੋਮਸਟੇਅ ਨੂੰ ਹੁਲਾਰਾ ਦੇਣਾ ਸ਼ਾਮਲ ਹਨ।

**ਕਿਤਾਬਾਂ ਦਾ ਅਨੁਵਾਦ:** ਇਸ ਵਿੱਚ ਜੋੜੀਦਾਰ ਰਾਜਾਂ ਦੀਆਂ ਕਿਤਾਬਾਂ, ਟੂਰਿਜ਼ਮ ਬ੍ਰੋਸ਼ਰਾਂ ਦਾ ਅਨੁਵਾਦ ਕੀਤਾ ਜਾਂਦਾ ਹੈ ਤਾਂ ਜੋ ਜੋੜੀਦਾਰ ਰਾਜਾਂ ਦੇ ਸਾਹਿਤ ਅਤੇ ਹੋਰ ਜਾਣਕਾਰੀ ਨੂੰ ਸਮਝ ਸਕਣ।

**ਜੋੜੀਦਾਰ ਰਾਜ ਦੀ ਭਾਸ਼ਾ ਸਿੱਖਣਾ :** 'ਏਕ ਭਾਰਤ ਸ਼੍ਰੇਸ਼ਠ ਭਾਰਤ' ਦਾ ਉਦੇਸ਼ ਲੋਕਾਂ ਨੂੰ ਜੋੜੀਦਾਰ ਰਾਜਾਂ ਦੀਆਂ ਭਾਸ਼ਾਵਾਂ ਤੋਂ ਜਾਣੂ ਕਰਵਾਉਣਾ ਹੈ, ਤਾਂ ਜੋ ਉੱਥੋਂ ਦੇ ਲੋਕਾਂ ਨਾਲ ਬੁਨਿਆਦੀ ਪੱਧਰ 'ਤੇ ਗੱਲਬਾਤ ਕਰ ਸਕਣ। ਮਾਤ੍ਰੀ ਭਾਸ਼ਾ ਤੋਂ ਇਲਾਵਾ ਹੋਰ ਭਾਰਤੀ ਭਾਸ਼ਾਵਾਂ ਸਿੱਖਣ ਦੇ ਲਈ ਪ੍ਰੋਤਸਾਹਿਤ ਕੀਤਾ ਜਾਂਦਾ ਹੈ।

- ਸਮਾਨ ਅਰਥ ਵਾਲੀਆਂ ਕਹਾਵਤਾਂ ਸਿਖਾਈਆਂ ਜਾਂਦੀਆਂ ਹਨ। ਗੀਤਾਂ ਦਾ ਅਨੁਵਾਦ, ਰੋਜ਼ ਇੱਕ ਵਾਕ 22 ਭਾਸ਼ਾਵਾਂ ਵਿੱਚ ਅਨੁਵਾਦ ਕੀਤਾ ਜਾਂਦਾ ਹੈ।

**ਟੂਰ- ਕੈਂਪ:** ਜੋੜੀਦਾਰ ਰਾਜਾਂ ਵਿੱਚ ਕੈਂਪ, ਟੂਰ ਕੀਤੇ ਜਾਂਦੇ ਹਨ।

**ਉਤਸਵ-ਮਹੋਤਸਵ-** ਉਤਸਵਾਂ ਦਾ ਆਯੋਜਨ ਕੀਤਾ ਜਾਂਦਾ ਹੈ ਜਿਸ ਵਿੱਚ ਜੋੜੀਦਾਰ ਰਾਜਾਂ ਨੂੰ ਸੱਦਾ ਦਿੱਤਾ ਜਾਂਦਾ ਹੈ।



# ਹੁਣ ਹਰ ਰਾਜ ਨਾਲ ਜੁੜਿਆ ਰਾਸ਼ਟਰੀ ਫਿਲਮ ਪੁਰਸਕਾਰ

## ਏਕਤਾ ਦੀ ਇੱਕ ਹੋਰ ਨਵੀਂ ਪਹਿਲ

- ਆਯੋਜਨ ਸਥਾਨ ਵਿੱਚ ਇਤਿਹਾਸਕ ਬਦਲਾਅ: ਹੁਣ ਤੱਕ ਸਿਰਫ਼ ਦਿੱਲੀ ਤੱਕ ਸੀਮਤ ਰਹੇ ਰਾਸ਼ਟਰੀ ਫਿਲਮ ਪੁਰਸਕਾਰ ਵੰਡ ਸਮਾਰੋਹ ਨੂੰ ਦੇਸ਼ ਦੇ ਮੁੱਖ ਟੂਰਿਜ਼ਮ ਸਥਾਨਾਂ ਤੱਕ ਲੈ ਕੇ ਜਾਣ ਦੀ ਨਵੀਂ ਪਹਿਲ ਕੀਤੀ ਗਈ ਹੈ।
- ਗੁਜਰਾਤ ਦੇ ਕੇਵੜੀਆ ਤੋਂ ਸ਼ੁਰੂਆਤ: ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 22 ਸਤੰਬਰ 2026 ਨੂੰ ਗੁਜਰਾਤ ਦੇ ਕੇਵੜੀਆ ਸਥਿਤ 'ਸਟੈਚੂ ਆਫ ਯੂਨਿਟੀ' ਤੋਂ ਇਸ ਦੀ ਸ਼ੁਰੂਆਤ ਕੀਤੀ।
- 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦਾ ਸੰਦੇਸ਼: ਆਧੁਨਿਕ ਭਾਰਤ ਦੇ ਨਿਰਮਾਤਾ ਸਰਦਾਰ ਵੱਲਭਭਾਈ ਪਟੇਲ ਦੀ ਪ੍ਰਤਿਮਾ ਦੇ ਸਾਹਮਣੇ ਸਿਨੇਮਾਈ ਉੱਤਮਤਾ ਅਤੇ ਵਿਭਿੰਨਤਾ ਦਾ ਸਨਮਾਨ 'ਏਕ ਭਾਰਤ, ਸ਼੍ਰੇਸ਼ਠ ਭਾਰਤ' ਦੀ ਭਾਵਨਾ ਨੂੰ ਸਾਕਾਰ ਕਰਦਾ ਹੈ।
- ਰਾਜਾਂ ਨੂੰ ਮੇਜ਼ਬਾਨੀ ਦਾ ਸੱਦਾ: ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਰਾਜਾਂ ਨੂੰ ਆਪਣੇ ਪ੍ਰਮੁੱਖ ਟੂਰਿਜ਼ਮ ਸਥਾਨਾਂ ਦੇ ਨਾਲ ਆਯੋਜਨ ਦੀ ਮੇਜ਼ਬਾਨੀ ਦੇ ਪ੍ਰਸਤਾਵ ਭੇਜਣ ਦੀ ਅਪੀਲ ਕੀਤੀ ਹੈ, ਚੁਣੇ ਗਏ ਰਾਜ ਵਿੱਚ ਅਗਲਾ ਪੁਰਸਕਾਰ ਸਮਾਰੋਹ ਆਯੋਜਿਤ ਹੋਵੇਗਾ।
- ਟੂਰਿਜ਼ਮ ਅਤੇ ਰਾਸ਼ਟਰੀ ਏਕਤਾ ਨੂੰ ਹੁਲਾਰਾ: ਕਲਾ, ਸੱਭਿਆਚਾਰ ਅਤੇ ਟੂਰਿਜ਼ਮ ਦੇ ਇਸ ਸੰਗਮ ਨਾਲ ਨਾ ਸਿਰਫ਼ ਖੇਤਰੀ ਵਿਕਾਸ ਅਤੇ ਟੂਰਿਜ਼ਮ ਨੂੰ ਗਤੀ ਮਿਲੇਗੀ, ਸਗੋਂ ਦੇਸ਼ ਵੀ ਏਕਤਾ ਦੇ ਸੂਤਰ ਵਿੱਚ ਬੱਝੇਗਾ।

ਵਿੱਚ 25 ਕਰੋੜ ਦੇਸ਼ਵਾਸੀਆਂ ਨੂੰ ਗ਼ਰੀਬੀ ਤੋਂ ਬਾਹਰ ਕੱਢਿਆ ਗਿਆ ਹੈ। ਅੱਜ ਕਰੋੜਾਂ ਗ਼ਰੀਬਾਂ ਨੂੰ ਘਰ ਮਿਲ ਰਿਹਾ ਹੈ। ਘਰ-ਘਰ ਸਾਫ਼ ਪਾਣੀ ਪਹੁੰਚ ਰਿਹਾ ਹੈ। ਮੁਫ਼ਤ ਇਲਾਜ ਦੀ ਸੁਵਿਧਾ ਮਿਲ ਰਹੀ ਹੈ। ਯਾਨੀ, ਹਰ ਨਾਗਰਿਕ ਦੇ ਲਈ ਮਾਣਯੋਗ ਜੀਵਨ, ਇਹ ਅੱਜ ਦੇਸ਼ ਦਾ ਮਿਸ਼ਨ ਵੀ ਹੈ ਅਤੇ ਵਿਜ਼ਨ ਵੀ ਹੈ। ਭੇਦਭਾਵ ਅਤੇ ਭ੍ਰਿਸ਼ਟਾਚਾਰ ਮੁਕਤ ਇਹ ਨੀਤੀਆਂ ਅੱਜ ਰਾਸ਼ਟਰੀ ਏਕਤਾ ਨੂੰ ਮਜ਼ਬੂਤ ਬਣਾ ਰਹੀਆਂ ਹਨ।

# ਇੱਕ ਦੇਸ਼-ਇੱਕ ਟੈਕਸ
# ਆਰਥਿਕ ਏਕੀਕਰਣ ਦਾ ਨਵਾਂ ਯੁੱਗ

## ਇੱਕ ਦੇਸ਼-ਇੱਕ ਟੈਕਸ- ਜੀਐੱਸਟੀ

*ਸ਼ੁਰੂਆਤ: 1 ਜੁਲਾਈ 2017*




- ਵਸਤੂਆਂ ਅਤੇ ਸੇਵਾਵਾਂ ਟੈਕਸ ਨੇ ਦੇਸ਼ ਦੇ 30 ਟੈਕਸਾਂ ਅਤੇ ਉਪਕਰਣਾਂ ਨੂੰ ਇੱਕ ਟੈਕਸ ਵਿਵਸਥਾ ਵਿੱਚ ਸਮੇਟਿਆ।
- ਇਸ ਦਾ ਉਦੇਸ਼ ਕਾਰੋਬਾਰ ਲਈ ਵੱਖ-ਵੱਖ ਰਾਜਾਂ ਦੀਆਂ ਟੈਕਸ ਸੀਮਾਵਾਂ ਤੋਂ ਪੈਦਾ ਹੋਣ ਵਾਲੀਆਂ ਉਲਝਣਾਂ ਨੂੰ ਘੱਟ ਕਰਨਾ ਅਤੇ ਭਾਰਤ ਨੂੰ ਇੱਕ ਸਾਂਝੇ ਬਜ਼ਾਰ ਦੀ ਦਿਸ਼ਾ ਵਿੱਚ ਲੈ ਜਾਣਾ ਸੀ। ਇਸ ਨਾਲ ਹਰ ਰਾਜ ਵਿੱਚ ਵਪਾਰ ਜਾਂ ਹੋਰ ਟੈਕਸ ਨੂੰ ਸਮਝਣਾ ਅਸਾਨ ਹੋਇਆ।
- ਕੇਂਦਰ ਅਤੇ ਰਾਜਾਂ ਨੂੰ ਇਕੱਠੇ ਲਿਆਉਣ ਵਾਲੀ ਜੀਐੱਸਟੀ ਕੌਂਸਲ ਇਸ ਵਿਵਸਥਾ ਦਾ ਮਹੱਤਵਪੂਰਨ ਹਿੱਸਾ ਬਣੀ।
- ਜੀਐੱਸਟੀ 2.0 ਯਾਨੀ ਅਗਲੀ ਪੀੜ੍ਹੀ ਦੇ ਸੁਧਾਰ ਦੇ ਤਹਿਤ ਮੁੱਖ ਤੌਰ 'ਤੇ ਟੈਕਸ ਦਰ 5 ਫੀਸਦੀ ਅਤੇ 18 ਫੀਸਦੀ ਵਿੱਚ ਤਬਦੀਲ ਕੀਤੀ ਗਈ।

**ਜੀਐੱਸਟੀ ਰਜਿਸਟਰਡ ਟੈਕਸਪੇਅਰਸ**


2026 **1.65** ਕਰੋੜ

2017 **66.5** ਲੱਖ

### ਏਕਤਾ ਦਾ ਸੂਤਰ

ਨੌਂ ਵਰ੍ਹਿਆਂ ਵਿੱਚ, ਜੀਐੱਸਟੀ ਨੇ ਭਾਰਤ ਦੇ 'ਏਕ ਭਾਰਤ – ਸ਼੍ਰੇਸ਼ਠ ਭਾਰਤ' ਦੇ ਦ੍ਰਿਸ਼ਟੀਕੋਣ ਨੂੰ ਮਜ਼ਬੂਤ ਕੀਤਾ ਹੈ। ਜੀਐੱਸਟੀ ਨੇ 17 ਵੱਖ-ਵੱਖ ਟੈਕਸਾਂ ਅਤੇ 13 ਸੈੱਸਿਜ਼ ਨੂੰ ਇੱਕ ਆਮ ਢਾਂਚੇ ਵਿੱਚ ਸ਼ਾਮਲ ਕਰ ਦਿੱਤਾ।

## ਵਨ ਨੇਸ਼ਨ, ਵਨ FASTag





**ਸ਼ੁਰੂਆਤ:** ਟੋਲ ਕਲੈਕਸ਼ਨ ਨੂੰ ਇਲੈਕਟ੍ਰੌਨਿਕ ਰੂਪ ਵਿੱਚ ਏਕੀਕ੍ਰਿਤ ਕਰਨ ਦੇ ਲਈ 2019 ਵਿੱਚ ਸ਼ੁਰੂ ਕੀਤਾ ਗਿਆ। ਫਰਵਰੀ 2021 ਵਿੱਚ ਰਾਸ਼ਟਰੀ ਰਾਜਮਾਰਗਾਂ ਦੇ ਸਾਰੀਆਂ ਟੋਲ ਪਲਾਜ਼ਾ ਲੇਨਾਂ ਨੂੰ ਫਾਸਟੈਗ ਲੇਨ ਐਲਾਨਿਆ ਗਿਆ।

- ਦੇਸ਼ ਭਰ ਦੇ ਰਾਜਮਾਰਗਾਂ 'ਤੇ ਯਾਤਰਾ ਰੁਕਾਵਟ ਰਹਿਤ ਅਤੇ ਤੇਜ਼ ਹੋਈ ਹੈ, ਟੋਲ ਪਲਾਜ਼ਾ 'ਤੇ ਲਾਈਨਾਂ ਘਟੀਆਂ, ਈਂਧਣ ਦੀ ਬੱਚਤ ਹੋਈ।
- 3,075 ਰੁਪਏ ਵਿੱਚ ਪ੍ਰਾਈਵੇਟ ਕਾਰ, ਜੀਪ ਅਤੇ ਵੈਨ ਦੇ ਲਈ ਸਲਾਨਾ ਪਾਸ ਦੀ ਸੁਵਿਧਾ 15 ਅਗਸਤ, 2025 ਨੂੰ ਸ਼ੁਰੂ ਹੋਈ। ਇਹ ਪਾਸ ਇੱਕ ਵਰ੍ਹੇ ਜਾਂ 200 ਵਾਰ ਟੋਲ ਪਲਾਜ਼ਾ ਤੋਂ ਲੰਘਣ ਤੱਕ ਮਾਨਤਾ ਪ੍ਰਾਪਤ ਹੈ।
- ਹੁਣ 'OneTag' ਦੀ ਸ਼ੁਰੂਆਤ ਕੀਤੀ ਗਈ ਹੈ ਜਿਸ ਵਿੱਚ ਫਾਸਟੈਗ ਪੋਰਟੇਬਿਲਿਟੀ ਦੀ ਸੁਵਿਧਾ ਹੈ। ਇਸ ਵਿੱਚ ਵਾਹਨ 'ਤੇ ਲੱਗੇ ਮੌਜੂਦਾ ਫਾਸਟੈਗ ਨੂੰ ਬਰਕਰਾਰ ਰੱਖਦੇ ਹੋਏ ਜਾਰੀਕਰਤਾ ਬਦਲ ਸਕਦੇ ਹਨ। FASTag ਉਪਭੋਗਤਾਵਾਂ ਨੂੰ ਵਧੇਰੇ ਸੁਵਿਧਾ ਅਤੇ ਵਿਕਲਪ ਮਿਲਣਗੇ।

**98%**

ਤੋਂ ਵੱਧ ਵਰਤੋਂ ਅਤੇ ਲਗਭਗ 13 ਕਰੋੜ ਯੂਜ਼ਰਸ ਦੇ ਨਾਲ FASTag ਨੇ ਦੇਸ਼ ਵਿੱਚ ਇਲੈਕਟ੍ਰੌਨਿਕ ਟੋਲ ਕਲੈਕਸ਼ਨ ਸਿਸਟਮ ਨੂੰ ਬਦਲ ਦਿੱਤਾ ਹੈ।




### ਏਕਤਾ ਦਾ ਸੂਤਰ

ਦੇਸ਼ ਭਰ ਵਿੱਚ ਇੱਕ ਹੀ ਫਾਸਟੈਗ ਨਾਲ ਟੋਲ ਦਾ ਭੁਗਤਾਨ ਕਰ ਸਕਦੇ ਹਨ। ਕਈ ਥਾਂ ਪਾਰਕਿੰਗ ਵਿੱਚ ਇਸ ਦੁਆਰਾ ਭੁਗਤਾਨ। ਵੱਖ-ਵੱਖ ਰਾਜਾਂ ਵਿੱਚ ਟੋਲ ਦੇਣ ਦੀ ਮਜ਼ਬੂਰੀ ਖ਼ਤਮ, ਚਾਰਜ ਵਿੱਚ ਸਭ ਨਾਲ ਸਮਾਨ ਵਿਵਹਾਰ।

**ਰਾਸ਼ਟਰੀ ਏਕਤਾ ਦਾ ਚੌਥਾ ਥੰਮ੍ਹ ਹੈ- ਕਨੈਕਟੀਵਿਟੀ ਨਾਲ ਦਿਲਾਂ ਦਾ ਕਨੈਕਸ਼ਨ।** ਅੱਜ ਦੇਸ਼ ਵਿੱਚ ਰਿਕਾਰਡ ਹਾਈਵੇਅ ਅਤੇ ਐਕਸਪ੍ਰੈੱਸਵੇਅ ਬਣ ਰਹੇ ਹਨ। ਵੰਦੇ ਭਾਰਤ ਅਤੇ ਨਮੋ ਭਾਰਤ ਵਰਗੀਆਂ ਟ੍ਰੇਨਾਂ, ਭਾਰਤੀ ਰੇਲਵੇ ਵਿੱਚ ਪਰਿਵਰਤਨਕਾਰੀ ਸੁਧਾਰ ਕਰ ਰਹੀਆਂ ਹਨ। ਛੋਟੇ ਸ਼ਹਿਰ ਵੀ ਹੁਣ ਏਅਰਪੋਰਟ ਦੀ ਸੁਵਿਧਾ ਨਾਲ ਜੁੜ ਰਹੇ ਹਨ। ਇਸ ਆਧੁਨਿਕ ਇਨਫ੍ਰਾਸਟ੍ਰਕਚਰ ਨਾਲ ਭਾਰਤ ਨੂੰ ਲੈ ਕੇ ਦੁਨੀਆ ਦਾ ਨਜ਼ਰੀਆ ਹੀ ਪੂਰੀ ਤਰ੍ਹਾਂ ਬਦਲ ਰਿਹਾ ਹੈ। ਇਸ ਨੇ ਉੱਤਰ ਤੋਂ ਦੱਖਣ, ਪੂਰਬ ਤੋਂ

> *ਏਕਤਾ ਦੀ ਘਾਟ ਜਿੱਥੇ ਨਵੇਂ ਸੰਕਟ ਲਿਆਉਂਦੀ ਹੈ, ਉੱਥੇ ਹੀ ਸਾਰਿਆਂ ਦਾ ਸਮੂਹਿਕ ਯਤਨ ਦੇਸ਼ ਨੂੰ ਨਵੀਆਂ ਉੱਚਾਈਆਂ 'ਤੇ ਲੈ ਕੇ ਜਾਂਦਾ ਹੈ। ਆਜ਼ਾਦ ਭਾਰਤ ਦੇ ਨਿਰਮਾਣ ਵਿੱਚ ਸਾਰਿਆਂ ਦਾ ਪ੍ਰਯਾਸ ਜਿੰਨਾ ਉਸ ਸਮੇਂ ਪ੍ਰਾਸੰਗਿਕ ਸੀ, ਉਸ ਤੋਂ ਕਿਤੇ ਵੱਧ ਆਜ਼ਾਦੀ ਦੇ ਇਸ ਅਮ੍ਰਿਤ ਕਾਲ ਵਿੱਚ ਹੋਣ ਵਾਲਾ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**



ਪੱਛਮ, ਦੇਸ਼ ਦੀਆਂ ਦੂਰੀਆਂ ਨੂੰ ਵੀ ਘੱਟ ਕੀਤਾ ਹੈ। ਪੀਪੁਲ ਟੂ ਪੀਪੁਲ ਕਨੈਕਟ ਅਤੇ ਸੱਭਿਆਚਾਰਕ ਅਦਾਨ-ਪ੍ਰਦਾਨ, ਇਸੇ ਦਾ ਇੱਕ ਨਵਾਂ ਦੌਰ ਹੈ ਜੋ ਰਾਸ਼ਟਰੀ ਏਕਤਾ ਨੂੰ ਮਜ਼ਬੂਤੀ ਦੇ ਰਿਹਾ ਹੈ। ਭਾਰਤ ਵਿੱਚ ਬੀਤੇ 12 ਵਰ੍ਹਿਆਂ ਵਿੱਚ ਜੋ ਡਿਜੀਟਲ ਕ੍ਰਾਂਤੀ ਆਈ ਹੈ, ਉਸ ਨੇ ਇਸ ਏਕਤਾ ਨੂੰ ਨਵੀਂ ਮਜ਼ਬੂਤੀ ਪ੍ਰਦਾਨ ਕੀਤੀ ਹੈ।

**ਜਦੋਂ ਦੇਸ਼ ਨੇ ਇੱਕ ਸੁਰ ਵਿੱਚ ਕਾਰੋਬਾਰ ਦੀ ਭਾਸ਼ਾ ਬੋਲੀ**

ਇਸ ਬਦਲਾਅ ਦੀ ਸਭ ਤੋਂ ਵੱਡੀ ਅਤੇ ਸਭ ਤੋਂ ਵੱਧ ਚਰਚਿਤ ਉਦਾਹਰਣ ਹੈ ਵਸਤੂ ਅਤੇ ਸੇਵਾ ਟੈਕਸ (ਜੀਐੱਸਟੀ)। ਦਹਾਕਿਆਂ ਤੱਕ ਭਾਰਤ ਵਿੱਚ ਹਰ ਰਾਜ ਦੀ ਆਪਣੀ ਵੱਖ-ਵੱਖ ਟੈਕਸ ਵਿਵਸਥਾ ਸੀ। ਇੱਕ ਟਰੱਕ ਜਦੋਂ ਇੱਕ ਰਾਜ ਦੀ ਸਰਹੱਦ ਪਾਰ ਕਰਕੇ ਦੂਜੇ ਵਿੱਚ ਦਾਖਲ ਹੁੰਦਾ ਸੀ, ਤਾਂ ਚੈੱਕ-ਪੋਸਟ 'ਤੇ ਘੰਟਿਆਂ ਤੱਕ ਇੰਤਜ਼ਾਰ ਕਰਨਾ ਪੈਂਦਾ ਸੀ, ਵੱਖ-ਵੱਖ ਟੈਕਸ ਸਲੈਬਾਂ ਅਤੇ ਕਾਗਜ਼ੀ ਉਲਝਣਾਂ ਆਮ ਗੱਲ ਸਨ। ਇੱਕੋ ਬਰਾਬਰ ਦੀ ਕੀਮਤ ਰਾਜ ਬਦਲਦੇ ਹੀ ਬਦਲ ਜਾਂਦੀ ਸੀ ਅਤੇ ਵਪਾਰੀਆਂ ਨੂੰ ਹਰ ਰਾਜ ਦੇ ਲਈ ਵੱਖਰਾ ਹਿਸਾਬ-ਕਿਤਾਬ ਰੱਖਣਾ ਪੈਂਦਾ ਸੀ। ਛੋਟੇ ਦੁਕਾਨਦਾਰਾਂ ਤੋਂ ਲੈ ਕੇ ਵੱਡੇ ਉਦਯੋਗਪਤੀਆਂ ਤੱਕ, ਹਰ ਕੋਈ ਇਸ ਉਲਝੀ ਹੋਈ ਵਿਵਸਥਾ ਨਾਲ ਜੂਝਦਾ ਸੀ।

ਅਜਿਹੇ ਵਿੱਚ 1 ਜੁਲਾਈ 2017 ਨੂੰ ਸੰਵਿਧਾਨ ਦੀ 101ਵੀਂ ਸੋਧ ਰਾਹੀਂ ਇਹ ਪੂਰੀ ਤਸਵੀਰ ਬਦਲ ਗਈ। 'ਇੱਕ ਦੇਸ਼-ਇੱਕ ਟੈਕਸ' ਦੇ ਨਾਅਰੇ ਨਾਲ ਲਾਗੂ ਹੋਏ ਜੀਐੱਸਟੀ ਨੇ ਦੇਸ਼ ਭਰ ਦੇ ਦਰਜਨਾਂ ਅਪ੍ਰਤੱਖ ਟੈਕਸਾਂ, ਉਤਪਾਦ ਫੀਸ, ਸੇਵਾ ਟੈਕਸ, ਵੈਟ, ਚੁੰਗੀ ਆਦਿ ਨੂੰ ਇੱਕ ਹੀ ਵਿਵਸਥਾ ਵਿੱਚ ਸਮੇਟ ਦਿੱਤਾ। ਹੁਣ ਇੱਕ ਹੀ ਜੀਐੱਸਟੀ ਨੰਬਰ, ਇੱਕ ਹੀ ਔਨਲਾਈਨ ਰਿਟਰਨ ਅਤੇ ਇੱਕ ਹੀ ਟੈਕਸ ਵਿਵਸਥਾ ਦੇ ਸਹਾਰੇ ਉਹ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਆਪਣਾ ਮਾਲ ਭੇਜ ਸਕਦੇ ਹਨ। ਇਸ ਨਾਲ ਨਾ ਸਿਰਫ਼ ਕਾਰੋਬਾਰ ਕਰਨਾ ਅਸਾਨ ਹੋਇਆ, ਸਗੋਂ ਭਾਰਤ ਸਚਮੁੱਚ ਇੱਕ ਸਮਾਨ ਬਜ਼ਾਰ ਬਣ ਗਿਆ। ਕੇਂਦਰ ਅਤੇ ਰਾਜਾਂ ਨੂੰ ਇਕੱਠੇ ਬਿਠਾ ਕੇ ਫ਼ੈਸਲੇ ਲੈਣ ਵਾਲੀ ਜੀਐੱਸਟੀ ਕੌਂਸਲ ਨੇ ਇਸ ਬਦਲਾਅ ਨੂੰ 'ਸਹਿਕਾਰੀ ਸੰਘਵਾਦ' ਦੀ ਇੱਕ ਜੀਵੰਤ ਮਿਸਾਲ ਵੀ ਬਣਾ ਦਿੱਤਾ, ਜਿੱਥੇ ਸਾਰੇ ਰਾਜਾਂ ਦੀ ਆਵਾਜ਼ ਇੱਕ ਪਲੈਟਫਾਰਮ 'ਤੇ ਸੁਣੀ ਜਾਂਦੀ ਹੈ ਅਤੇ ਦਰਾਂ ਤੋਂ ਲੈ ਕੇ ਛੂਟ ਤੱਕ ਹਰ ਫ਼ੈਸਲਾ ਆਪਣੀ ਸਹਿਮਤੀ ਨਾਲ ਹੁੰਦਾ ਹੈ।

**ਜਦੋਂ ਦੂਰ ਹੋਈ ਪੈਨਸ਼ਨ ਦੀ ਅਸਮਾਨਤਾ ਬਣੀ ਸਮਾਨ ਵਿਵਸਥਾ**

ਦਹਾਕਿਆਂ ਤੋਂ ਦੇਸ਼ ਦੇ ਸਾਬਕਾ ਸੈਨਿਕ ਇੱਕ ਮੰਗ ਚੁੱਕਦੇ ਰਹੇ ਸਨ—ਸਮਾਨ ਰੈਂਕ, ਸਮਾਨ ਸੇਵਾ-ਕਾਲ 'ਤੇ ਸਮਾਨ ਪੈਨਸ਼ਨ, ਯਾਨੀ 'ਵਨ ਰੈਂਕ-ਵਨ ਪੈਨਸ਼ਨ' (OROP)। ਪਹਿਲਾਂ ਸਥਿਤੀ ਇਹ ਸੀ ਕਿ ਜੋ ਸੈਨਿਕ ਪਹਿਲਾਂ ਸੇਵਾਮੁਕਤ ਹੋਇਆ, ਓਨਾ ਨੂੰ ਉਸੇ ਰੈਂਕ 'ਤੇ ਵਰ੍ਹਿਆਂ ਬਾਅਦ ਰਿਟਾਇਰ ਹੋਏ ਸੈਨਿਕ ਨਾਲੋਂ ਘੱਟ ਪੈਨਸ਼ਨ ਮਿਲਦੀ ਸੀ, ਭਾਵੇਂ ਦੋਵਾਂ ਨੇ ਹੀ ਦੇਸ਼ ਦੀ ਸਰਹੱਦ 'ਤੇ ਓਨੀ ਹੀ ਸੇਵਾ ਕੀਤੀ ਹੋਵੇ ਅਤੇ ਉਨ੍ਹਾਂ ਹੀ ਜੋਖਮ ਕਿਉਂ ਨਾ ਉਠਾਇਆ ਹੋਵੇ। ਇਹ ਅਸਮਾਨਤਾ ਦਹਾਕਿਆਂ ਤੋਂ ਸਾਬਕਾ ਸੈਨਿਕਾਂ ਦੇ ਮਨ ਵਿੱਚ ਇੱਕ ਟੀਸ ਦੀ ਤਰ੍ਹਾਂ ਬਣੀ ਹੋਈ ਸੀ ਅਤੇ ਕਈ ਵਾਰ ਵੱਡੇ ਅੰਦੋਲਨ ਵੀ ਹੋਏ। 2014 ਤੋਂ ਪਹਿਲਾਂ ਦੇ ਸਮੇਂ ਵਿੱਚ ਸਾਬਕਾ ਸੈਨਿਕਾਂ ਨੇ ਮੈਡਲ ਵਾਪਸੀ ਜਿਹੇ ਅੰਦੋਲਨ ਕੀਤੇ। 2014 ਵਿੱਚ ਜਦੋਂ ਕੇਂਦਰ ਵਿੱਚ ਨਵੀਂ ਸਰਕਾਰ ਆਈ ਤਦ 2015 ਵਿੱਚ ਸਰਕਾਰ ਨੇ ਇਸ ਲੰਬਿਤ ਮੰਗ 'ਤੇ ਸਹਿਮਤੀ ਜਤਾਉਂਦੇ ਹੋਏ ਵਨ ਰੈਂਕ- ਵਨ ਪੈਨਸ਼ਨ ਯੋਜਨਾ

# ਸਮਾਜਿਕ ਭਲਾਈ
# ਸੁਰੱਖਿਆ ਦੀ ਏਕੀਕ੍ਰਿਤ ਵਿਵਸਥਾ

## ਇੱਕ ਦੇਸ਼ – ਇੱਕ ਰਾਸ਼ਨ ਕਾਰਡ

*ਸ਼ੁਰੂਆਤ: 2019*

**81** ਕਰੋੜ ਤੋਂ ਵੱਧ ਲਾਭਪਾਤਰੀਆਂ ਨੂੰ ਮੁਫ਼ਤ ਅਨਾਜ ਉਪਲਬਧ ਕਰਵਾਇਆ ਜਾ ਰਿਹਾ ਹੈ।

- ਪ੍ਰਵਾਸੀ ਮਜ਼ਦੂਰਾਂ ਅਤੇ ਦੂਜੀਆਂ ਥਾਵਾਂ 'ਤੇ ਕੰਮ ਕਰਨ ਵਾਲੇ ਲਾਭਪਾਤਰੀਆਂ ਦੇ ਲਈ ਰਾਸ਼ਨ ਦੀ ਸੁਵਿਧਾ ਨੂੰ ਪੋਰਟੇਬਲ ਬਣਾਉਣ ਦੀ ਵਿਵਸਥਾ।
- ਹੁਣ ਲਾਭਪਾਤਰੀ ਨਵਾਂ ਰਾਸ਼ਨ ਕਾਰਡ ਬਣਵਾਏ ਬਿਨਾ ਦੇਸ਼ ਵਿੱਚ ਦੂਜੀ ਥਾਂ ਵੀ ਆਪਣੇ ਹਿੱਸੇ ਦਾ ਰਾਸ਼ਨ ਲੈ ਸਕਦਾ ਹੈ।
- ਆਧਾਰ ਨਾਲ ਜੁੜੀ ਪਛਾਣ ਅਤੇ ਉਚਿਤ ਮੁੱਲ ਦੀਆਂ ਦੁਕਾਨਾਂ 'ਤੇ ਇਲੈਕਟ੍ਰੌਨਿਕ ਪੁਆਇੰਟ ਆਫ ਸੇਲ ਮਸ਼ੀਨਾਂ ਨੇ ਇਸ ਪੋਰਟੇਬਿਲਿਟੀ ਨੂੰ ਸੰਭਵ ਬਣਾਇਆ।



**ਏਕਤਾ ਦਾ ਸੂਤਰ**

ਜਿੱਥੇ ਨਾਗਰਿਕ ਕੰਮ ਕਰੇ, ਉੱਥੇ ਉਸ ਦਾ ਖੁਰਾਕ ਅਧਿਕਾਰ ਉਸ ਦੇ ਨਾਲ ਪਹੁੰਚੇ।

## ਵਨ ਰੈਂਕ, ਵਨ ਪੈਨਸ਼ਨ (OROP)

*ਸ਼ੁਰੂਆਤ: 2015*



- ਬਰਾਬਰ ਰੈਂਕ ਅਤੇ ਬਰਾਬਰ ਸੇਵਾ-ਮਿਆਦ ਵਾਲੇ ਸਾਬਕਾ ਸੈਨਿਕਾਂ ਦੇ ਲਈ ਬਰਾਬਰ ਪੈਨਸ਼ਨ ਦੀ ਵਿਵਸਥਾ।
- ਇਸ ਦਾ ਉਦੇਸ਼ ਵੱਖ-ਵੱਖ ਸਮੇਂ 'ਤੇ ਰਿਟਾਇਰ ਹੋਏ ਬਰਾਬਰ ਰੈਂਕ ਦੇ ਸੈਨਿਕਾਂ ਦਰਮਿਆਨ ਪੈਨਸ਼ਨ ਦੀ ਦਿੱਕਤ ਨੂੰ ਦੂਰ ਕਰਨਾ ਸੀ।
- 25 ਲੱਖ ਤੋਂ ਵੱਧ ਸਾਬਕਾ ਸੈਨਿਕ ਅਤੇ ਉਨ੍ਹਾਂ ਦੇ ਸਰਪ੍ਰਸਤਾਂ ਨੂੰ ਮਿਲਿਆ ਲਾਭ।

**ਏਕਤਾ ਦਾ ਸੂਤਰ: ਦੇਸ਼ ਦੀ ਸੇਵਾ ਕਰਨ ਵਾਲੇ ਸੈਨਿਕਾਂ ਦੇ ਸਨਮਾਨ ਅਤੇ ਪੈਨਸ਼ਨ ਵਿਵਸਥਾ ਵਿੱਚ ਬਰਾਬਰੀ ਦਾ ਭਾਵ।**

## 'ਵਨ ਨੇਸ਼ਨ, ਵਨ ਹੈਲਥ ਇੰਸ਼ੋਰੈਂਸ'

(ਆਯੁਸ਼ਮਾਨ ਭਾਰਤ) ਦੀ ਦਿਸ਼ਾ ਵਿੱਚ ਇਤਿਹਾਸਕ ਕਦਮ

ਸਮਾਜ ਦੇ ਆਰਥਿਕ ਤੌਰ 'ਤੇ ਕਮਜ਼ੋਰ ਅਤੇ ਵਾਂਝੇ 40% ਪਰਿਵਾਰਾਂ ਨੂੰ ਦੂਜੇ ਅਤੇ ਤੀਜੇ ਪੱਧਰ ਦੇ ਹਸਪਤਾਲ ਵਿੱਚ ਭਰਤੀ ਦੇ ਲਈ ਪ੍ਰਤੀ ਵਰ੍ਹੇ 5 ਲੱਖ ਰੁਪਏ ਪ੍ਰਤੀ ਪਰਿਵਾਰ ਦਾ ਮੁਫ਼ਤ ਸਿਹਤ ਸੁਰੱਖਿਆ ਕਵਰ ਪ੍ਰਦਾਨ ਕੀਤਾ ਜਾਂਦਾ ਹੈ।

- ਸਤੰਬਰ 2018 ਵਿੱਚ ਯੋਜਨਾ ਸ਼ੁਰੂ ਹੋਣ ਦੇ ਬਾਅਦ ਤੋਂ, 22 ਸਤੰਬਰ 2026 ਤੱਕ 30+ ਲੱਖ ਤੋਂ ਵੱਧ ਮਰੀਜ਼ਾਂ ਨੂੰ ਦੂਜੇ ਰਾਜ ਦੇ

**48.57** ਕਰੋੜ ਤੋਂ ਵੱਧ ਆਯੁਸ਼ਮਾਨ ਕਾਰਡ ਜਾਰੀ ਕੀਤੇ ਗਏ ਹਨ।




ਲਾਗੂ ਕੀਤੀ, ਜਿਸ ਦਾ ਉਦੇਸ਼ ਇਹੀ ਸੀ ਕਿ ਸੇਵਾ ਦੇ ਵਰ੍ਹਿਆਂ ਵਿੱਚ ਅੰਤਰ ਦੇ ਬਾਵਜੂਦ, ਬਰਾਬਰ ਰੈਂਕ ਅਤੇ ਬਰਾਬਰ ਸੇਵਾ-ਮਿਆਦ ਵਾਲੇ ਸਾਰੇ ਸਾਬਕਾ ਸੈਨਿਕਾਂ ਨੂੰ ਬਰਾਬਰ ਪੈਨਸ਼ਨ ਮਿਲੇ, ਭਾਵੇਂ ਉਹ ਕਿਸੇ ਵੀ ਵਰ੍ਹੇ ਰਿਟਾਇਰ ਹੋਏ ਹੋਣ। ਕਿਸੇ ਸੂਬੇਦਾਰ ਨੇ 1985 ਵਿੱਚ ਸੇਵਾ ਛੱਡੀ ਹੋਵੇ ਜਾਂ 2010 ਵਿੱਚ, ਹੁਣ ਦੋਵਾਂ ਦੀ ਪੈਨਸ਼ਨ ਇੱਕ ਹੀ ਪੈਮਾਨੇ 'ਤੇ ਤੈਅ ਹੁੰਦੀ ਹੈ। ਇਹ ਦਿੱਕਤ, ਜੋ ਪੀੜ੍ਹੀਆਂ ਤੱਕ ਸੈਨਿਕ ਪਰਿਵਾਰਾਂ

**13+ ਕਰੋੜ** ਮਰੀਜ਼ ਹਸਪਤਾਲ ਵਿੱਚ ਭਰਤੀ। ਆਮ ਲੋਕਾਂ ਦੀ 2+ ਲੱਖ ਕਰੋੜ ਰੁਪਏ ਤੋਂ ਵੱਧ ਦੀ ਬੱਚਤ ਹੋਈ।

ਹਸਪਤਾਲਾਂ ਵਿੱਚ ਇਲਾਜ ਦੀ ਸੁਵਿਧਾ ਦੀ ਮਿਲੀ ਮਨਜ਼ੂਰੀ। ਜਿਸ ਦੀ ਕੁੱਲ ਰਾਸ਼ੀ 8,800 ਕਰੋੜ ਰੁਪਏ ਤੋਂ ਵੱਧ ਹੈ।

- 1.20 ਕਰੋੜ ਸੀਨੀਅਰ ਨਾਗਰਿਕਾਂ ਦਾ ਆਯੁਸ਼ਮਾਨ ਭਾਰਤ ਵਯ ਵੰਦਨਾ ਯੋਜਨਾ ਦੇ ਤਹਿਤ ਨਾਮਾਂਕਣ ਕੀਤਾ ਗਿਆ ਹੈ।

## ਏਕਤਾ ਦਾ ਸੂਤਰ

ਤੰਦਰੁਸਤ ਭਾਰਤ ਹੀ ਵਿਕਸਿਤ ਭਾਰਤ ਦਾ ਅਧਾਰ ਹੈ। ਇਸ ਦੇ ਲਈ ਦੇਸ਼ ਦੇ ਸਾਰੇ ਨਾਗਰਿਕਾਂ ਨੂੰ ਬਰਾਬਰ ਸਿਹਤ ਦਾ ਲਾਭ ਮਿਲੇ।




(ਅੰਕੜੇ 22 ਸਤੰਬਰ 2026 ਤੱਕ)



## ਇੱਕ ਦੇਸ਼ – ਇੱਕ ਹੈਲਥ ਰਿਕਾਰਡ



ਰਾਸ਼ਟਰੀ ਸਿਹਤ ਅਥਾਰਿਟੀ **(NHA)** ਰਾਹੀਂ 'ਆਯੁਸ਼ਮਾਨ ਭਾਰਤ ਡਿਜੀਟਲ ਮਿਸ਼ਨ' **(ABDM)** ਦੇ ਤਹਿਤ 'ਇੱਕ ਨਾਗਰਿਕ, ਇੱਕ ਡਿਜੀਟਲ ਹੈਲਥ ਰਿਕਾਰਡ' ਦੀ ਦਿਸ਼ਾ ਵਿੱਚ ਠੋਸ ਕਾਰਜ ਕੀਤਾ ਗਿਆ ਹੈ। ਇਸ ਦਾ ਉਦੇਸ਼ ਦੇਸ਼ ਦੇ ਹਰੇਕ ਨਾਗਰਿਕ ਦਾ ਸੁਰੱਖਿਅਤ, ਪੇਪਰਲੈੱਸ ਅਤੇ ਏਕੀਕ੍ਰਿਤ ਡਿਜੀਟਲ ਹੈਲਥ ਰਿਕਾਰਡ ਤਿਆਰ ਕਰਨਾ ਹੈ।

### ਪ੍ਰਮੁੱਖ ਉਪਲਬਧੀਆਂ ਅਤੇ ਅੰਕੜੇ...

**ਆਭਾ (ABHA) ਆਈਡੀ ਦਾ ਨਿਰਮਾਣ:** ਹਰੇਕ ਨਾਗਰਿਕ ਨੂੰ 14 ਅੰਕਾਂ ਦੀ ਵਿਸ਼ੇਸ਼ ਪਛਾਣ ਦੇਣ ਦੇ ਲਈ 96 ਕਰੋੜ ਤੋਂ ਵੱਧ ਆਯੁਸ਼ਮਾਨ ਭਾਰਤ ਸਿਹਤ ਖਾਤੇ ਬਣਾਏ ਜਾ ਚੁੱਕੇ ਹਨ।

**ਡਿਜੀਟਲ ਹੈਲਥ ਰਿਕਾਰਡ ਲਿੰਕੇਜ:** 110 ਕਰੋੜ ਤੋਂ ਵੱਧ ਸਿਹਤ ਰਿਕਾਰਡਸ (ਲੈਬ ਰਿਪੋਰਟ, ਪਰਚੇ, ਟੀਕਾਕਰਣ, ਹਸਪਤਾਲ ਡਿਸਚਾਰਜ ਸਮਰੀ ਆਦਿ) ਨੂੰ ਆਭਾ ਖਾਤੇ ਨਾਲ ਲਿੰਕ ਕੀਤਾ ਗਿਆ ਹੈ।

**ਕੰਸੈਂਟ-ਅਧਾਰਿਤ ਸ਼ੇਅਰਿੰਗ:** ਇਸ ਰਾਹੀਂ ਮਰੀਜ਼ ਆਪਣੀ ਸਹਿਮਤੀ ਨਾਲ ਦੇਸ਼ ਦੇ ਕਿਸੇ ਵੀ ਕੋਨੇ ਵਿੱਚ ਸਿਹਤ ਦੇ ਪੁਰਾਣੇ ਰਿਕਾਰਡ ਡਾਕਟਰ ਨੂੰ ਦਿਖਾ ਸਕਦੇ ਹਨ, ਜਿਸ ਨਾਲ ਗੈਰ-ਜ਼ਰੂਰੀ ਟ੍ਰੇਨਿੰਗ ਅਤੇ ਕਾਗਜ਼ੀ ਫਾਈਲਾਂ ਦੇ ਝੰਝਟ ਤੋਂ ਮੁਕਤੀ ਮਿਲੀ ਹੈ।

**ਏਕਤਾ ਦਾ ਸੂਤਰ-** ਹੁਣ ਦੇਸ਼ ਵਿੱਚ ਕਿਤੇ ਵੀ ਇਲਾਜ ਕਰਵਾਓ, ਸਿਹਤ ਰਿਕਾਰਡ ਡਿਜੀਟਲੀ ਉਪਲਬਧ ਹੋਵੇਗਾ। ਇੱਕ ਕਲਿੱਕ 'ਤੇ ਸਿਹਤ ਰਿਕਾਰਡ ਉਪਲਬਧ।

ਦੀ ਗੱਲਬਾਤ ਦਾ ਹਿੱਸਾ ਰਹੀ, ਆਖਰਕਾਰ ਦੂਰ ਹੋਈ। ਦੇਸ਼ ਨੇ ਨਵੀਂ ਏਕੀਕ੍ਰਿਤ ਵਿਵਸਥਾ ਨਾਲ ਸਪਸ਼ਟ ਸੰਦੇਸ਼ ਦਿੱਤਾ ਕਿ ਹੁਣ ਉਨ੍ਹਾਂ ਦੀ ਸੇਵਾ ਨੂੰ ਕਦੇ ਦੋ ਤਰਾਜੂ ਨਾਲ ਨਹੀਂ ਤੋਲਿਆ ਜਾਵੇਗਾ।

### ਇੱਕ ਦੇਸ਼, ਇੱਕ ਕਾਨੂੰਨ, ਇੱਕ ਸੰਵਿਧਾਨ

ਏਕੀਕਰਣ ਦੀ ਇਸ ਯਾਤਰਾ ਦਾ ਸਭ ਤੋਂ ਇਤਿਹਾਸਕ ਅਧਿਆਏ ਲਿਖਿਆ ਗਿਆ 5 ਅਗਸਤ 2019 ਨੂੰ। ਦਹਾਕਿਆਂ ਤੋਂ ਜੰਮੂ-ਕਸ਼ਮੀਰ ਨੂੰ ਆਰਟਕੀਲ 370 ਦੇ

ਰਾਸ਼ਟਰੀ ਏਕਤਾ ਦਿਵਸ ਵਿਸ਼ੇਸ਼
ਕਵਰ ਸਟੋਰੀ

## ਸਿੱਖਿਆ- ਪ੍ਰੀਖਿਆ-ਭਰਤੀ

# ਨੌਜਵਾਨ ਸਮਰੱਥਾ ਦੀ ਏਕੀਕ੍ਰਿਤ ਸ਼ਕਤੀ





### ਇੱਕ ਦੇਸ਼-ਇੱਕ ਪ੍ਰੀਖਿਆ (ਐੱਨਟੀਏ)

*ਸ਼ੁਰੂਆਤ: 2017 ਤੋਂ, 2026 ਵਿੱਚ ਬਦਲਾਅ*

- ਰਾਸ਼ਟਰੀ ਪ੍ਰੀਖਿਆ ਏਜੰਸੀ ਦੀ ਸਥਾਪਨਾ ਦੇ ਨਾਲ ਰਾਸ਼ਟਰੀ ਪੱਧਰ ਦੀ ਪ੍ਰਵੇਸ਼ ਪ੍ਰੀਖਿਆਵਾਂ ਨੂੰ ਇੱਕ ਸਾਂਝਾ, ਤਕਨੀਕ-ਅਧਾਰਿਤ ਵਿਵਸਥਾ ਵਿੱਚ ਸੰਚਾਲਿਤ ਕਰਨ ਦੀ ਦਿਸ਼ਾ ਬਣੀ।
- ਮੈਡੀਕਲ ਦਾਖਲੇ ਦੇ ਲਈ NEET ਨੂੰ ਸਿੰਗਲ ਰਾਸ਼ਟਰੀ ਪ੍ਰਵੇਸ਼ ਪ੍ਰੀਖਿਆ ਬਣਾਇਆ ਗਿਆ।
- ਕੇਂਦਰ ਸਰਕਾਰ ਨੇ ਐੱਨਟੀਏ ਸਹਿਤ ਹੋਰ ਜਨਤਕ ਪ੍ਰੀਖਿਆਵਾਂ ਨੂੰ ਸੁਰੱਖਿਅਤ ਅਤੇ ਬਿਹਤਰ ਢੰਗ ਨਾਲ ਕਰਵਾਉਣ ਦੇ ਸੁਝਾਅ ਦੇਣੇ ਦੇ ਲਈ ਨੰਦਨ ਨੀਲੇਕਣੀ ਦੀ ਪ੍ਰਧਾਨਗੀ ਵਿੱਚ ਇੱਕ ਉੱਚ ਪੱਧਰੀ ਟਾਸਕ ਫੋਰਸ ਬਣਾਈ ਹੈ। ਉੱਚ ਪੱਧਰੀ ਕਾਰਜ ਬਲ ਨੇ ਸਾਰੇ ਹਿਤਧਾਰਕਾਂ ਤੋਂ ਸੁਝਾਅ ਮੰਗੇ ਹਨ।

**ਏਕਤਾ ਦਾ ਸੂਤਰ**

ਵਿਦਿਆਰਥੀ ਦਾ ਮੌਕਾ ਉਸ ਦੇ ਰਾਜ ਜਾਂ ਬੋਰਡ ਦੀ ਸੀਮਾ ਤੋਂ ਅੱਗੇ, ਇੱਕ ਰਾਸ਼ਟਰੀ ਪ੍ਰੀਖਿਆ ਮੰਚ 'ਤੇ ਤੈਅ ਹੋਵੇ।

### ਇੱਕ ਦੇਸ਼ – ਇੱਕ ਭਰਤੀ

*ਕੇਂਦਰੀ ਕੈਬਨਿਟ ਵੱਲੋਂ ਅਗਸਤ 2020 ਵਿੱਚ ਸਵੀਕ੍ਰਿਤ ਰਾਸ਼ਟਰੀ ਭਰਤੀ ਏਜੰਸੀ ਦੀ ਸਥਾਪਨਾ "ਇੱਕ ਦੇਸ਼, ਇੱਕ ਭਰਤੀ" ਦੀ ਦਿਸ਼ਾ ਵਿੱਚ ਇੱਕ ਪ੍ਰਮੁੱਖ ਕਦਮ ਹੈ।*

- ਰਾਸ਼ਟਰੀ ਭਾਰਤੀ ਏਜੰਸੀ ਦਾ ਗਠਨ: ਕੇਂਦਰ ਸਰਕਾਰ ਨੇ ਵਿਭਾਗਾਂ, ਮੰਤਰਾਲਿਆਂ ਅਤੇ ਜਨਤਕ ਅਦਾਰਿਆਂ ਵਿੱਚ ਨੌਨ-ਗਜ਼ਟਿਡ ਅਹੁਦਿਆਂ (ਗਰੁੱਪ ਬੀ ਅਤੇ ਸੀ) 'ਤੇ ਉਮੀਦਵਾਰਾਂ ਦੀ ਸ਼ੁਰੂਆਤੀ ਸਕ੍ਰੀਨਿੰਗ ਦੇ ਲਈ ਇੱਕ ਖੁਦਮੁਖਤਿਆਰੀ ਏਜੰਸੀ ਦੇ ਰੂਪ ਵਿੱਚ ਰਾਸ਼ਟਰੀ ਭਰਤੀ ਏਜੰਸੀ ਦੀ ਸਥਾਪਨਾ ਨੂੰ ਮਨਜ਼ੂਰੀ ਦਿੱਤੀ।
- ਪ੍ਰਮੁੱਖ ਭਰਤੀ ਏਜੰਸੀਆਂ ਦਾ ਏਕੀਕਰਣ: ਸ਼ੁਰੂਆਤੀ ਪੜਾਅ ਵਿੱਚ ਸੀਈਟੀ ਨੇ ਤਿੰਨ ਪ੍ਰਮੁੱਖ ਭਰਤੀ ਏਜੰਸੀਆਂ-ਐੱਸਐੱਸਸੀ, ਰੇਲਵੇ ਭਰਤੀ ਬੋਰਡ ਅਤੇ ਬੈਂਕਿੰਗ ਅਮਲਾ ਚੋਣ ਸੰਸਥਾਨ ਦੀ ਸ਼ੁਰੂਆਤੀ ਪ੍ਰੀਖਿਆਵਾਂ ਦੀ ਥਾਂ ਲਈ।

### ਇੱਕ ਦੇਸ਼ – ਇੱਕ ਸਬਸਕ੍ਰਿਪਸ਼ਨ (ONOS)

*ਹਾਲ ਹੀ ਵਿੱਚ ਹੋਈ ਸ਼ੁਰੂਆਤ*

- ਦੇਸ਼ ਦੇ ਸਰਕਾਰੀ ਅਕਾਦਮਿਕ ਅਤੇ ਖੋਜ ਸੰਸਥਾਵਾਂ ਦੇ ਵਿਦਿਆਰਥੀਆਂ, ਅਧਿਆਪਕਾਂ ਅਤੇ ਖੋਜਕਰਤਾਵਾਂ ਨੂੰ ਪ੍ਰਮੁੱਖ ਅੰਤਰਰਾਸ਼ਟਰੀ ਖੋਜ ਪੱਤ੍ਰਿਕਾਵਾਂ ਤੱਕ ਨੈਸ਼ਨਲ ਮੈਂਬਰਸ਼ਿਪ ਰਾਹੀਂ ਪਹੁੰਚ ਦੇਣ ਦੀ ਵਿਵਸਥਾ।
- ਯੋਜਨਾ ਦੇ ਲਈ ਤਿੰਨ ਵਰ੍ਹਿਆਂ ਦੀ ਮਿਆਦ ਵਿੱਚ 6,000 ਕਰੋੜ ਰੁਪਏ ਦੇ ਬਜਟ ਦਾ ਪ੍ਰਾਵਧਾਨ ਦੱਸਿਆ ਗਿਆ ਹੈ।

**ਏਕਤਾ ਦਾ ਸੂਤਰ**

ਗਿਆਨ ਤੱਕ ਪਹੁੰਚ ਸੰਸਥਾਨ ਦੀ ਆਰਥਿਕ ਸਮਰੱਥਾ ਅਤੇ ਭੂਗੋਲਿਕ ਸਥਿਤੀ ਤੋਂ ਸੀਮਤ ਨਾ ਰਹੇ।



ਤਹਿਤ ਇੱਕ ਵਿਸ਼ੇਸ਼ ਸੰਵਿਧਾਨਕ ਦਰਜਾ ਪ੍ਰਾਪਤ ਸੀ, ਜਿਸ ਦੇ ਚਲਦੇ ਭਾਰਤ ਦੇ ਸੰਵਿਧਾਨ ਦੇ ਕਈ ਪ੍ਰਾਵਧਾਨ ਉੱਥੇ ਪੂਰੀ ਤਰ੍ਹਾਂ ਲਾਗੂ ਨਹੀਂ ਹੁੰਦੇ ਸਨ ਅਤੇ ਨਾ ਉੱਥੋਂ ਦੇ ਨਿਵਾਸੀਆਂ ਨੂੰ ਦੇਸ਼ ਦੇ ਬਾਕੀ ਹਿੱਸਿਆਂ ਜਿਹੇ ਕੁਝ ਅਧਿਕਾਰ ਮਿਲਦੇ ਸਨ। ਇੰਨਾ ਹੀ ਨਹੀਂ, ਬਾਹਰੀ ਰਾਜਾਂ ਦੇ ਨਾਗਰਿਕਾਂ ਨੂੰ ਉੱਥੇ ਸੰਪੱਤੀ ਦੇ ਉਹੀ ਅਧਿਕਾਰ ਨਹੀਂ ਸਨ ਜੋ ਬਾਕੀ ਦੇਸ਼ਾਂ ਵਿੱਚ ਆਮ ਗੱਲ ਹੈ। ਅਜਿਹੇ ਵਿੱਚ ਦਹਾਕਿਆਂ ਤੋਂ ਬਣੀ ਸਥਾਈ ਚੁਣੌਤੀਆਂ ਦਾ ਹੱਲ ਕਰਦੇ ਹੋਏ ਭਾਰਤ ਦੀ ਸੰਸਦ ਨੇ 5 ਅਗਸਤ

# ਸੰਵਿਧਾਨਕ ਵਿਵਸਥਾ ਸ਼ਾਸਨ ਦਾ ਏਕੀਕਰਣ

## ਇੱਕ ਦੇਸ਼ – ਇੱਕ ਸੰਵਿਧਾਨ

### ਆਰਟੀਕਲ 370 ਤੋਂ ਮੁਕਤੀ

*ਫੈਸਲਾਕੁੰਨ ਬਦਲਾਅ: 5 ਅਗਸਤ 2019*



- ਜੰਮੂ-ਕਸ਼ਮੀਰ ਨਾਲ ਸਬੰਧਿਤ ਸੰਵਿਧਾਨਕ ਵਿਵਸਥਾ ਵਿੱਚ ਬਦਲਾਅ ਤੋਂ ਬਾਅਦ 'ਇੱਕ ਦੇਸ਼, ਇੱਕ ਸੰਵਿਧਾਨ' ਦੀ ਧਾਰਨਾ ਨੂੰ ਨਵਾਂ ਆਯਾਮ ਮਿਲਿਆ।
- ਜੰਮੂ-ਕਸ਼ਮੀਰ ਅਤੇ ਲੱਦਾਖ ਨੂੰ ਕੇਂਦਰ ਸ਼ਾਸਿਤ ਪ੍ਰਦੇਸ਼ ਦੇ ਰੂਪ ਵਿੱਚ ਪੁਨਰਗਠਿਤ ਕੀਤਾ ਗਿਆ ਅਤੇ ਕੇਂਦਰ ਦੇ ਕਾਨੂੰਨਾਂ ਅਤੇ ਵਿਵਸਥਾਵਾਂ ਦੇ ਲਾਗੂ ਹੋਣ ਦਾ ਢਾਂਚਾ ਬਦਲਿਆ।

### ਏਕਤਾ ਦਾ ਸੂਤਰ

ਇੱਕ ਦੇਸ਼, ਇੱਕ ਕਾਨੂੰਨ, ਇੱਕ ਸੰਵਿਧਾਨ ਦਾ ਸੁਪਨਾ ਸਾਕਾਰ ਹੋਇਆ। ਨਾਗਰਿਕ ਅਧਿਕਾਰਾਂ ਅਤੇ ਸੰਵਿਧਾਨਕ ਵਿਵਸਥਾ ਨੂੰ ਸਾਂਝੇ ਰਾਸ਼ਟਰੀ ਢਾਂਚੇ ਨਾਲ ਜੋੜਿਆ ਗਿਆ।

## ਇੱਕ ਦੇਸ਼ – ਇੱਕ ਚੋਣ ਪ੍ਰਸਤਾਵਿਤ ਵਿਵਸਥਾ

*ਬਿਲ: ਦਸੰਬਰ 2024*

- ਲੋਕ ਸਭਾ ਅਤੇ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੇ ਕਰਵਾਉਣ ਦੀ ਧਾਰਨਾ।
- ਸਤੰਬਰ 2023 ਵਿੱਚ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਹੇਠ ਉੱਚ ਪੱਧਰੀ ਕਮੇਟੀ ਗਠਿਤ ਹੋਈ।
- ਇਸ ਦੀਆਂ ਸਿਫਾਰਸ਼ਾਂ ਦੇ ਅਧਾਰ 'ਤੇ ਦਸੰਬਰ 2024 ਵਿੱਚ ਸਬੰਧਿਤ ਸੰਵਿਧਾਨ ਸੰਸ਼ੋਧਨ ਬਿਲ ਲੋਕ ਸਭਾ ਵਿੱਚ ਪੇਸ਼ ਕੀਤਾ ਗਿਆ।

**ਮੌਜੂਦਾ ਸਥਿਤੀ:** ਇਹ ਹੁਣ ਕਾਨੂੰਨ ਨਹੀਂ ਹੈ। ਬਿਲ ਸੰਯੁਕਤ ਸੰਸਦੀ ਕਮੇਟੀ ਦੇ ਵਿਚਾਰ ਅਧੀਨ ਹੈ।

**ਏਕਤਾ ਦਾ ਸੂਤਰ: ਚੋਣਾਂ ਦੀ ਪ੍ਰਕਿਰਿਆ ਨੂੰ ਇੱਕ ਚੱਕਰ ਵਿੱਚ ਲਿਆਉਣ ਦਾ ਪ੍ਰਸਤਾਵ, ਤਾਂ ਜੋ ਦੇਸ਼ ਵਿੱਚ ਲੋਕ ਸਭਾ- ਵਿਧਾਨ ਸਭਾ ਚੋਣਾਂ ਇਕੱਠੀਆਂ ਹੋਣ। ਚੋਣਾਂ ਦਾ ਖਰਚ ਘੱਟ ਹੋਵੇ ਅਤੇ ਵਾਰ-ਵਾਰ ਚੋਣਾਂ ਦੇ ਚੋਣ ਜ਼ਾਬਤਾ ਦੇ ਕਾਰਨ ਵਿਕਾਸ ਦੇ ਕੰਮ ਵਿੱਚ ਰੁਕਾਵਟ ਨਾ ਆਵੇ।**

## ਵਨ ਨੇਸ਼ਨ, ਵਨ ਸਿਵਿਲ ਕੋਡ

ਪੀਐੱਮ ਮੋਦੀ ਨੇ ਲਾਲ ਕਿਲ੍ਹੇ ਦੀ ਫਸੀਲ ਤੋਂ ਕਿਹਾ ਸੀ ਕਿ ਜਿਸ ਸਿਵਿਲ ਕੋਡ ਨੂੰ ਅਸੀਂ ਲੈ ਕੇ ਜਿਉ ਰਹੇ ਹਾਂ ਉਹ ਸਚਮੁੱਚ ਵਿੱਚ ਭੇਦਭਾਵ ਕਰਨ ਵਾਲਾ ਸਿਵਿਲ ਕੋਡ ਹੈ।

- ਸੰਵਿਧਾਨ ਦੀ ਭਾਵਨਾ ਅਤੇ ਸੁਪਰੀਮ ਕੋਰਟ ਵੀ ਇਸ ਨੂੰ ਕਰਨ ਨੂੰ ਕਹਿੰਦੀ ਹੈ। ਜੋ ਸੰਵਿਧਾਨ ਨਿਰਮਾਤਾਵਾਂ ਦਾ ਸੁਪਨਾ ਸੀ, ਉਸ ਸੁਪਨੇ ਨੂੰ ਪੂਰਾ ਕਰਨਾ ਸਾਡੀ ਸਾਰਿਆਂ ਦੀ ਜ਼ਿੰਮੇਵਾਰੀ ਹੈ।
- ਇਸ ਗੰਭੀਰ ਵਿਸ਼ੇ 'ਤੇ ਦੇਸ਼ ਵਿੱਚ ਚਰਚਾ ਹੋਵੇ, ਵਿਆਪਕ ਚਰਚਾ ਹੋਵੇ। ਹੁਣ ਸਮੇਂ ਦੀ ਮੰਗ ਹੈ, ਦੇਸ਼ ਵਿੱਚ ਇੱਕ ਸੈਕਿਊਲਰ ਸਿਵਿਲ ਕੋਡ ਹੋਵੇ, ਸਾਨੂੰ ਸੈਕਿਊਲਰ ਸਿਵਿਲ ਕੋਡ ਵੱਲ ਜਾਣਾ ਹੋਵੇਗਾ।

ਏਕਤਾ ਦਾ ਸੂਤਰ: ਜਦੋਂ ਸੈਕਿਊਲਰ ਸਿਵਿਲ ਕੋਡ ਹੋਵੇਗਾ, ਤਦ ਦੇਸ਼ ਵਿੱਚ ਧਰਮ ਦੇ ਅਧਾਰ 'ਤੇ ਜੋ ਭੇਦਭਾਵ ਹੋ ਰਹੇ ਹਨ, ਆਮ ਨਾਗਰਿਕਾਂ ਨੂੰ ਦੂਰੀ ਮਹਿਸੂਸ ਹੁੰਦੀ ਹੈ, ਉਸ ਤੋਂ ਮੁਕਤੀ ਮਿਲੇਗੀ। ਏਕਤਾ ਅਤੇ ਏਕ ਭਾਰਤ ਸ਼੍ਰੇਸ਼ਠ ਭਾਰਤ ਦਾ ਭਾਵ ਵਧੇਗਾ।

2019 ਨੂੰ ਆਰਟੀਕਲ 370 ਨੂੰ ਰੱਦ ਕਰਕੇ ਇੱਕ ਦੇਸ਼, ਇੱਕ ਕਾਨੂੰਨ, ਇੱਕ ਸੰਵਿਧਾਨ ਦੀ ਮੂਲ ਭਾਵਨਾ ਨੂੰ ਮੁੜ-ਸਥਾਪਿਤ ਕੀਤਾ। ਇਸ ਇਤਿਹਾਸਕ ਫ਼ੈਸਲੇ 'ਤੇ ਸੁਪਰੀਮ ਕੋਰਟ ਨੇ ਵੀ ਬਾਅਦ ਵਿੱਚ ਮੋਹਰ ਲਗਾਈ। ਆਜ਼ਾਦੀ ਦੇ 7 ਦਹਾਕਿਆਂ ਬਾਅਦ, ਦੇਸ਼ ਵਿੱਚ ਇੱਕ ਦੇਸ਼ – ਇੱਕ ਸੰਵਿਧਾਨ ਦਾ ਸੰਕਲਪ ਵੀ ਪੂਰਾ ਹੋਇਆ ਹੈ ਜੋ ਸਰਦਾਰ ਪਟੇਲ ਦੀ ਆਤਮਾ ਨੂੰ ਸ਼ੁਕਰਗੁਜ਼ਾਰ ਰਾਸ਼ਟਰ ਦੀ ਸਭ ਤੋਂ ਵੱਡੀ ਸ਼ਰਧਾਂਜਲੀ ਹੈ। ਪੂਰੇ ਦੇਸ਼ ਵਿੱਚ 70 ਵਰ੍ਹਿਆਂ ਤੱਕ ਬਾਬਾ

# ਸੜਕ, ਰੇਲ ਅਤੇ ਇੰਟਰਨੈੱਟ
# ਦੂਰੀ ਤੋਂ ਗੱਲਬਾਤ ਤੱਕ



## ਵਨ ਨੇਸ਼ਨ, ਵਨ ਆਈਡੈਂਟਿਟੀ- ਆਧਾਰ

- ਦੁਨੀਆ ਦੀ ਸਭ ਤੋਂ ਵੱਡੀ ਡਿਜੀਟਲ ਪਛਾਣ ਪ੍ਰਣਾਲੀ ਹੈ ਜੋ ਬਾਇਓਮੈਟ੍ਰਿਕ ਅਤੇ ਜਨਸੰਖਿਆ ਅਧਾਰ 'ਤੇ ਡਿਜੀਟਲ ਪਛਾਣ ਪ੍ਰਦਾਨ ਕਰਦੀ ਹੈ।
- ਯੂਪੀਆਈ, ਡਿਜੀਲੌਕਰ, ਉਮੰਗ ਐਪ, ਈ-ਟ੍ਰਾਂਸਫਰ ਸਮੇਤ ਦੇਸ਼ ਦੀਆਂ ਤਮਾਮ ਸੁਵਿਧਾਵਾਂ ਇਸ ਡਿਜੀਟਲ ਪਛਾਣ ਨਾਲ ਜੁੜੀਆਂ ਹਨ।

**144** ਕਰੋੜ ਤੋਂ ਵੱਧ ਆਧਾਰ ਜਾਂ ਵਨ ਨੇਸ਼ਨ, ਵਨ ਆਈਡੈਂਟਿਟੀ ਜਾਰੀ ਕੀਤੀ ਜਾ ਚੁੱਕੀ ਹੈ।

## ਵਨ ਨੇਸ਼ਨ, ਵਨ ਪਾਵਰ ਗ੍ਰਿਡ

- ਇੱਕ ਦੇਸ਼, ਇੱਕ ਪਾਵਰ ਗ੍ਰਿਡ, ਇੱਕ ਫ੍ਰੀਕਵੇਂਸੀ ਦੇ ਤਹਿਤ ਫਰਵਰੀ, 2019 ਵਿੱਚ ਲੇਹ-ਲੱਦਾਖ ਨੂੰ ਜੋੜਨ ਦੇ ਨਾਲ ਇਹ ਮਿਸ਼ਨ ਪੂਰਾ ਹੋਇਆ ਹੈ।
- ਦੁਨੀਆ ਦਾ ਸਭ ਤੋਂ ਵੱਡਾ ਪਾਵਰ ਗ੍ਰਿਡ ਜੋ ਇੱਕ ਫ੍ਰੀਕਵੈਂਸੀ 'ਤੇ ਚਲਦਾ ਹੈ। ਲਗਭਗ 1.70 ਲੱਖ ਸਰਕਿਟ ਕਿਲੋਮੀਟਰ ਲਾਈਨ ਜੋੜੀ ਗਈ।

**1.12** ਲੱਖ ਮੈਗਾਵਾਟ ਬਿਜਲੀ ਟ੍ਰਾਂਸਫਰ ਦੀ ਸਮਰੱਥਾ ਵਿਕਸਿਤ ਹੋਈ ਹੈ।



ਦੇਸ਼ ਦੇ ਹਰ ਹਿੱਸੇ ਵਿੱਚ ਲੋੜੀਂਦੀ ਅਤੇ ਨਿਰੰਤਰ ਬਿਜਲੀ ਦੀ ਉਪਲਬਧਤਾ ਯਕੀਨੀ ਹੋ ਰਹੀ ਹੈ। ਬਿਜਲੀ ਦਾ ਨੁਕਸਾਨ ਘੱਟ ਹੋਇਆ ਹੈ।

## ਇੱਕ ਦੇਸ਼ – ਇੱਕ ਗੈਸ ਗ੍ਰਿਡ

'ਇੱਕ ਦੇਸ਼ – ਇੱਕ ਗੈਸ ਗ੍ਰਿਡ' ਦਾ ਉਦੇਸ਼ ਹਰ ਘਰ ਵਿੱਚ ਐੱਲਪੀਜੀ ਅਤੇ ਵਾਹਨਾਂ ਦੇ ਲਈ ਸੀਐੱਨਜੀ ਦੀ ਨਿਰਵਿਘਨ ਕਨੈਕਟੀਵਿਟੀ ਉਪਲਬਧ ਕਰਵਾਉਣਾ ਹੈ।



2014 ਤੋਂ ਪਹਿਲਾਂ 27 ਵਰ੍ਹਿਆਂ ਵਿੱਚ ਸਿਰਫ 15 ਹਜ਼ਾਰ ਕਿਲੋਮੀਟਰ ਗੈਸ ਪਾਈਪਲਾਈਨ ਵਿਛਾਈ ਗਈ।

ਦੇਸ਼ ਭਰ ਵਿੱਚ ਲਗਭਗ 34,233 ਕਿਲੋਮੀਟਰ ਪਾਈਪਲਾਈਨ ਵਿਛਾਉਣ ਦੇ ਲਈ ਸੰਸਥਾਨਾਂ ਨੂੰ ਅਧਿਕਾਰਤ ਕੀਤਾ ਗਿਆ ਹੈ। ਇਨ੍ਹਾਂ ਵਿੱਚੋਂ 25,429 ਕਿਲੋਮੀਟਰ ਪਾਈਪਲਾਈਨ ਜੂਨ 2025 ਤੱਕ ਚਾਲੂ ਹੋ ਚੁੱਕੀ ਹੈ।

ਗੈਸ ਦੀ ਪਹੁੰਚ ਅਤੇ ਕਨੈਕਸ਼ਨ ਵਧਣ ਨਾਲ ਕਈ ਰਾਜ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਮਿੱਟੀ ਦੇ ਤੇਲ ਤੋਂ ਮੁਕਤ ਹੋਏ।

## ਵਨ ਨੇਸ਼ਨ, ਵਨ ਮੋਬਿਲਿਟੀ ਕਾਰਡ

**ਪੂਰੇ ਦੇਸ਼ ਵਿੱਚ ਮੈਟ੍ਰੋ, ਬੱਸ, ਕੈਬ, ਮੋਨੋਰੇਲ ਅਤੇ ਸਾਰੇ ਅਰਬਨ ਰੇਲਵੇ ਵਿੱਚ ਨੈਸ਼ਨਲ ਕੌਮਨ ਮੋਬਿਲਿਟੀ ਕਾਰਡ (ਐੱਨਸੀਐੱਮਸੀ) ਜਾਰੀ ਕੀਤਾ ਜਾ ਰਿਹਾ ਹੈ।**

- ਪੀਐੱਮ ਮੋਦੀ ਨੇ ਮਾਰਚ 2019 ਵਿੱਚ ਟ੍ਰਾਂਸਪੋਰਟ ਮੋਬਿਲਿਟੀ ਦੇ ਲਈ ਵਨ ਨੇਸ਼ਨ, ਵਨ ਕਾਰਡ ਦੀ ਸ਼ੁਰੂਆਤ ਕੀਤੀ। ਨੈਸ ਨਲ ਕੌਮਨ ਮੋਬਿਲਿਟੀ ਕਾਰਡ 'ਤੇ ਅਧਾਰਿਤ ਸਵਦੇਸ਼ੀ ਸਵੈਚਾਲਿਤ ਕਿਰਾਇਆ ਸੰਗ੍ਰਹਿ ਪ੍ਰਣਾਲੀ ਭਾਰਤ ਵਿੱਚ ਇਸ ਤਰ੍ਹਾਂ ਦੀ ਪਹਿਲੀ ਅਜਿਹੀ ਪ੍ਰਣਾਲੀ ਹੈ।
- ਕਸਟਮਰ ਮੈਟ੍ਰੋ, ਬੱਸ, ਉਪਨਗਰੀ ਰੇਲਵੇ, ਟੋਲ, ਪਾਰਕਿੰਗ, ਸਮਾਰਟ ਸਿਟੀ ਅਤੇ ਪ੍ਰਚੂਨ ਖਰੀਦਦਾਰੀ ਸਮੇਤ ਸਾਰੇ ਖੇਤਰਾਂ ਵਿੱਚ ਭੁਗਤਾਨ ਦੇ ਲਈ ਇਸ ਸਿੰਗਲ ਕਾਰਡ ਦਾ ਉਪਯੋਗ ਕਰ ਸਕਦਾ ਹੈ।

ਸਾਹੇਬ ਅੰਬੇਡਕਰ ਦਾ ਸੰਵਿਧਾਨ ਲਾਗੂ ਨਹੀਂ ਹੋਇਆ ਸੀ। ਉੱਥੇ ਪਹਿਲੀ ਵਾਰ ਵਿਧਾਨ ਸਭਾ ਚੋਣਾਂ ਵਿੱਚ ਬਿਨਾ ਭੇਦਭਾਵ ਦੀਆਂ ਵੋਟਾਂ ਪਾਈਆਂ ਗਈਆਂ। ਪਹਿਲੀ ਵਾਰ ਜੰਮੂ-ਕਸ਼ਮੀਰ ਵਿੱਚ ਮੁੱਖ ਮੰਤਰੀ ਨੇ ਆਜ਼ਾਦੀ ਦੇ 75 ਵਰ੍ਹਿਆਂ ਤੋਂ ਬਾਅਦ ਭਾਰਤ ਦੇ ਸੰਵਿਧਾਨ ਦੀ ਸਹੁੰ ਚੁੱਕੀ। ਹੁਣ ਦੇਸ਼ ਦੇ ਹਰ ਹਿੱਸੇ ਵਿੱਚ, ਕਸ਼ਮੀਰ ਤੋਂ ਕੰਨਿਆਕੁਮਾਰੀ ਤੱਕ, ਇੱਕ ਹੀ ਸੰਵਿਧਾਨ, ਇੱਕ ਹੀ ਕਾਨੂੰਨ ਵਿਵਸਥਾ ਅਤੇ ਨਾਗਰਿਕਾਂ ਨੂੰ ਬਰਾਬਰ ਅਧਿਕਾਰ ਪ੍ਰਾਪਤ ਹੈ।

# ਕਨੈਕਟੀਵਿਟੀ ਦੇ ਲਈ ਰੇਲ, ਸੜਕ, ਹਾਈਵੇਅ ਅਤੇ ਡਿਜੀਟਲ ਨੈੱਟਵਰਕ

## ਸੜਕ ਅਤੇ ਹਾਈਵੇਅ

**63.73** ਲੱਖ ਕਿਲੋਮੀਟਰ ਦੇ ਨਾਲ ਭਾਰਤ ਦਾ ਸੜਕ ਨੈੱਟਵਰਕ ਦੁਨੀਆ ਵਿੱਚ ਦੂਜਾ ਸਭ ਤੋਂ ਵੱਡਾ ਹੈ।

### ਰਾਸ਼ਟਰੀ ਰਾਜਮਾਰਗਾਂ ਦੀ ਲੰਬਾਈ

2013-14 — **91,287** ਕਿਲੋਮੀਟਰ

ਮਾਰਚ 2026 — **1,46,572** ਕਿਲੋਮੀਟਰ

ਲਗਭਗ 61% ਦਾ ਵਾਧਾ।



## ਰੇਲ ਸੇਵਾ

- ਭਾਰਤੀ ਰੇਲਵੇ ਨੇ ਅਗਸਤ 2026 ਵਿੱਚ 67.27 ਕਰੋੜ ਯਾਤਰੀਆਂ ਨੂੰ ਯਾਤਰਾ ਕਰਵਾਈ।
- ਭਾਰਤ ਦਾ ਕੁੱਲ ਬ੍ਰੌਡ ਗੇਜ ਰੇਲਵੇ ਨੈੱਟਵਰਕ ਦਾ 99.6 ਪ੍ਰਤੀਸ਼ਤ ਬਿਜਲੀਕਰਣ ਹੋ ਚੁੱਕਿਆ ਹੈ।
- ਜੁਲਾਈ 2026 ਵਿੱਚ ਦੇਸ਼ ਦੀ ਪਹਿਲੀ ਸਵਦੇਸ਼ੀ ਹਾਈਡ੍ਰੋਜਨ ਫਿਊਲ ਸੈੱਲ ਟ੍ਰੇਨ ਸ਼ੁਰੂ ਹੋਈ।
- ਮੁੰਬਈ –ਅਹਿਮਦਾਬਾਦ ਹਾਈ-ਸਪੀਡ ਰੇਲ ਕੌਰੀਡੋਰ (508 ਕਿਲੋਮੀਟਰ) ਪ੍ਰੋਜੈਕਟ ਪੂਰਾ ਹੋਣ ਵਾਲਾ ਹੈ। ਇਸ ਦੀ ਡਿਜ਼ਾਈਨ ਸਪੀਡ 350 ਕਿਲੋਮੀਟਰ ਪ੍ਰਤੀ ਘੰਟਾ ਹੈ।

## ਡਿਜੀਟਲ ਕਨੈਕਟੀਵਿਟੀ

- ਦੇਸ਼ ਵਿੱਚ ਇੰਟਰਨੈੱਟ ਸਬਸਕ੍ਰਾਈਬਰ ਵਧ ਕੇ 109.2 ਕਰੋੜ ਤੋਂ ਵੱਧ ਹੋ ਗਏ ਹਨ। ਵਾਇਰਲੈੱਸ ਡੇਟਾ ਦੀ ਕੀਮਤ ਘਟ ਕੇ 7.51 ਰੁਪਏ ਪ੍ਰਤੀ ਜੀਬੀ ਰਹਿ ਗਈ ਹੈ।
- ਭਾਰਤਨੈੱਟ ਪ੍ਰੋਜੈਕਟ: ਦੇਸ਼ ਦੀਆਂ ਗ੍ਰਾਮ ਪੰਚਾਇਤਾਂ ਨੂੰ ਜੋੜਨ ਦੇ ਲਈ ਚਲਾਈ ਜਾ ਰਹੀ ਇਸ ਯੋਜਨਾ ਦੇ ਤਹਿਤ 2.21 ਲੱਖ ਤੋਂ ਵੱਧ ਗ੍ਰਾਮ ਪੰਚਾਇਤਾਂ ਨੂੰ ਸੇਵਾ ਦੇ ਲਈ ਤਿਆਰ ਕੀਤਾ ਗਿਆ ਹੈ।
- ਫਾਈਬਰ ਅਤੇ 5ਜੀ ਨੈੱਟਵਰਕ ਦੇਸ਼ ਭਰ ਵਿੱਚ ਲਗਭਗ 7 ਲੱਖ ਕਿਲੋਮੀਟਰ ਔਪਟੀਕਲ ਫਾਈਬਰ ਕੇਬਲ ਵਿਛਾਈ ਜਾ ਚੁੱਕੀ ਹੈ ਅਤੇ 5ਜੀ ਸੇਵਾਵਾਂ 99.9% ਜ਼ਿਲ੍ਹਿਆਂ ਤੱਕ ਉਪਲਬਧ ਹਨ।




**ਏਕਤਾ ਦਾ ਸੂਤਰ- ਦੇਸ਼ ਦੇ ਕਿਸੇ ਵੀ ਹਿੱਸੇ ਵਿੱਚ ਰਹਿੰਦੇ ਹੋ ਹੁਣ ਹਾਈਵੇਅ-ਐਕਸਪ੍ਰੈੱਸਵੇਅ ਦੇ ਨਾਲ ਹੀ ਹਾਈਸਪੀਡ ਟ੍ਰੇਨ ਇੱਕ ਖੇਤਰ ਤੋਂ ਦੂਜੇ ਖੇਤਰ, ਇੱਕ ਸੱਭਿਆਚਾਰ ਤੋਂ ਦੂਜੇ ਸੱਭਿਆਚਾਰ ਤੱਕ ਪਹੁੰਚਾ ਰਹੇ ਹਨ। ਇਸੇ ਤਰ੍ਹਾਂ ਡਿਜੀਟਲ ਕਨੈਕਟੀਵਿਟੀ ਨੇ ਦੂਰੀਆਂ ਘੱਟ ਕੀਤੀਆਂ ਹਨ। ਹੁਣ ਪਿੰਡ ਵੀ ਫਾਈਬਰ ਨੈੱਟਵਰਕ ਨਾਲ ਜੁੜੇ ਹਨ।**

**162**
ਵੰਦੇ ਭਾਰਤ, 2 ਵੰਦੇ ਭਾਰਤ ਸਲੀਪਰ ਅਤੇ 72 ਅੰਮ੍ਰਿਤ ਭਾਰਤ ਸੇਵਾਵਾਂ ਨਾਲ ਕਨੈਕਟੀਵਿਟੀ ਅਤੇ ਯਾਤਰਾ ਸੁਵਿਧਾ ਬਿਹਤਰ ਹੋਈ।



ਬੀਤੇ 12 ਵਰ੍ਹਿਆਂ ਵਿੱਚ ਭਾਰਤ ਨੇ ਅਜਿਹੇ ਕਈ ਮੁੱਦਿਆਂ ਦਾ ਹੱਲ ਕੀਤਾ ਹੈ, ਜੋ ਰਾਸ਼ਟਰੀ ਏਕਤਾ ਦੇ ਲਈ ਖ਼ਤਰਾ ਸੀ। ਅੱਜ ਅੱਤਵਾਦੀਆਂ ਦੇ ਮਾਲਕਾਂ ਨੂੰ ਪਤਾ ਹੈ ਕਿ ਭਾਰਤ ਨੂੰ ਨੁਕਸਾਨ ਪਹੁੰਚਾਇਆ... ਤਾਂ ਭਾਰਤ ਉਨ੍ਹਾਂ ਨੂੰ ਛੱਡੇਗਾ ਨਹੀਂ। ਉੱਤਰ-ਪੂਰਬ ਦੀ ਸ਼ਾਂਤੀ-ਸਮ੍ਰਿੱਧੀ ਦੀ ਰਾਹ ਵਿੱਚ ਕਿੰਨੇ ਵੱਡੇ ਸੰਕਟ ਸਨ। ਪਰ ਗੱਲਬਾਤ ਨਾਲ.... ਵਿਕਾਸ ਅਤੇ ਵਿਸ਼ਵਾਸ ਨਾਲ, ਵੱਖਵਾਦ ਦੀ ਅੱਗ ਨੂੰ ਸ਼ਾਂਤ ਕੀਤਾ। ਬੋਡੋ ਸਮਝੌਤੇ ਨੇ ਅਸਾਮ ਵਿੱਚ 50 ਵਰ੍ਹਿਆਂ ਦਾ ਵਿਵਾਦ

# किसान सशक्तीकरण

## पिंडां अते किसानां दे लई ऐकीक्रित विवसथा

### इँक देश – इँक खाद

## भारत ब्रांड नाल नवीं शुरूआत

*प्रधान मंतरी नरेंदर मोदी ने 17 अक्तूबर 2022 नूं भारतीय जन उरवरक परियोजना- 'इँक राशटर इँक खाद' दी शुरूआत करके भारत यूरीआ बैग लांच कीता।*

- हुण देश विच विकण वाला यूरीआ इँक ही नां, इँक गुणवॅता अते इँक ही ब्रांड दा होवेगा अते इह ब्रांड 'भारत' है।



### इँक देश, इँक खेतीबाड़ी बज़ार

**अप्रैल, 2016 विँच राशटरी खेतीबाड़ी बज़ार भाव eNAM दी शुरूआत कीती गई। eNAM नाल वन नेशन, वन ऐगरीकलचर मारकिट दी दिशा विँच देश अँगे वध रिहा है।**

- **eNAM** पोरटल 'ते 1.80 करोड़ तों वॅध किसान अते 2.73 लॅख वपारी रजिसटरड।
- 23 राजां अते 4 केंदर शासित प्रदेशां दीआं 1656 मंडीआं नूं eNAM पलैटफारम नाल जोड़िआ गिआ।

**4.84** **लॅख करोड़ रुपए तों वॅध**

दा लगभग 205 लॅख मीटरिक टन खेतीबाड़ी उपज दा वपार eNAM दी शुरूआत नाल मारच, 2026 तॅक होइआ।



ख़तम कीता। बरू-रिआंग समझौते दे कारन हज़ारां सथापित लोक दहाकिआं बाअद आपने घर वापस आए हन। नैशनल लिबरेशन फरंट आफ़ त्रिपुरा नाल समझौते ने लंबे समें तों चल रही अशांती ख़तम कीती है। असाम अते मेघालिआ सरहॅद विवाद नूं बहुत हॅद तॅक सुलझाइआ जा चुॅकिआ है।

जदों 21वीं सदी दा इतिहास लिखिआ जावेगा... तां उस विँच इँक सुनहिरी अधिआए होवेगा कि किवें भारत ने दूजे अते तीजे दहाके विँच नकसलवाद जिही भिआनक बिमारी नूं जड़ तों पुॅट के दिखाइआ। इँक समां सी जदों नेपाल दे पशूपती तों भारत दे तिरूपती तॅक, रैँड कौरीडोर बन चुॅकिआ सी। नकसलवाद, भारत दी ऐकता अते अखंडता दे लई बहुत वॅडी चुनौती बन गिआ सी। अॅज भारत नकसल मुकत हो चुॅकिआ है।

**नौंजवान इॅछावां नूं इँक विवसथा दा अधार**

देश दे किसे वी कोने विँच जंमिआ बॅचा डाकटर जां इंजीनीअर बनन दा सुपना देखदा है पर कुझ साल पहिलां तॅक इह सुपना इस गॅल 'ते वी निरभर करदा सी कि किस राज दे बोरड तों पड़्हिआ है जां किस-किस राज दा प्रवेश प्रीखिआ फारम भर पाइआ। मैडीकल प्रवेश दे लई दरजनां राज पॅधरी अते निजी प्रीखिआवां हुंदीआं सन, जिन्हां दी वज्हा नाल विदिआरथीआं नूं कई फारम भरने पैंदे सन , कई शहिरां दी यातरा करनी पैंदी सी , वॅख-वॅख फीस चुकाउणी पैंदी सी अते प्रीखिआ दा पॅधर वी हर थां वॅख हुंदा सी। इँक ग़रीब परिवार दे लई तां इह पूरी प्रकिरिआ ही किसे वॅडे पहाड़ जिही लगदी सी।

इस उलझण नूं ख़तम करन दे लई 2017 विँच राशटरी प्रीखिआ ऐजंसी (ऐँनटीऐ) दी सथापना कीती गई, जिस ने नीट (NEET)

ਨੂੰ ਮੈਡੀਕਲ ਸਿੱਖਿਆ ਵਿੱਚ ਦਾਖਲੇ ਦੀ ਸਿੰਗਲ ਰਾਸ਼ਟਰੀ ਪ੍ਰਵੇਸ਼ ਪ੍ਰੀਖਿਆ ਬਣਾ ਦਿੱਤਾ, ਉੱਥੇ ਹੀ ਜੇਈਈ ਜਿਹੀ ਹੋਰ ਵੱਡੀਆਂ ਪ੍ਰੀਖਿਆਵਾਂ ਦਾ ਵੀ ਕੇਂਦ੍ਰੀਕ੍ਰਿਤ, ਪਾਰਦਰਸ਼ੀ ਅਤੇ ਤਕਨੀਕ-ਅਧਾਰਿਤ ਸੰਚਾਲਨ ਸ਼ੁਰੂ ਹੋਇਆ। ਹੁਣ ਓਡੀਸ਼ਾ ਦੇ ਕਿਸੇ ਸਰਕਾਰੀ ਸਕੂਲ ਦਾ ਵਿਦਿਆਰਥੀ ਹੋਵੇ ਜਾਂ ਦਿੱਲੀ ਦੇ ਕਿਸੇ ਨਾਮੀ ਨਿਜੀ ਸਕੂਲ ਦਾ, ਦੋਵੇਂ ਇੱਕੋ ਜਿਹੀ ਪ੍ਰੀਖਿਆ, ਇੱਕੋ ਜਿਹੇ ਪ੍ਰਸ਼ਨ ਪੱਤਰ ਅਤੇ ਇੱਕੋ ਜਿਹੇ ਮੁਲਾਂਕਣ ਦੇ ਅਧਾਰ 'ਤੇ ਆਪਣੀ ਮੈਰਿਟ ਤੈਅ ਕਰਵਾਉਂਦੇ ਹਨ। ਏਕਤਾ ਦੀ ਇਹ ਸੋਚ ਸਿਰਫ ਸਕੂਲ-ਕਾਲਜ ਤੱਕ ਨਹੀਂ, ਖੋਜ ਅਤੇ ਨਵੀਨਤਾ ਦੀ ਦੁਨੀਆ ਤੱਕ ਵੀ ਪਹੁੰਚੀ ਹੈ। ਦੇਸ਼ ਦੇ ਸਰਕਾਰੀ ਅਕਾਦਮਿਕ-ਖੋਜ ਸੰਸਥਾਵਾਂ ਦੇ ਵਿਦਿਆਰਥੀ, ਅਧਿਆਪਕ ਅਤੇ ਖੋਜਕਰਤਾ ਅਕਸਰ ਮਹਿੰਗੀ ਅੰਤਰਰਾਸ਼ਟਰੀ ਖੋਜ ਪੱਤ੍ਰਿਕਾਵਾਂ ਦੀ ਸਬਸਕ੍ਰਿਪਸ਼ਨ ਫੀਸ ਦੀ ਵਜ੍ਹਾ ਨਾਲ ਨਵੀਨਤਮ ਖੋਜ ਤੋਂ ਵਾਂਝੇ ਰਹਿ ਜਾਂਦੇ ਸਨ। ਇਸ ਦਾ ਹੱਲ ਬਣ ਕੇ ਆਈ ਹੈ- ਵਨ ਨੇਸ਼ਨ, ਵਨ ਸਬਸਕ੍ਰਿਪਸ਼ਨ (ONOS) ਯੋਜਨਾ।

ਇਹ ਬਦਲਾਅ ਪੂਰੀ ਤਰ੍ਹਾਂ ਚੁਣੌਤੀਆਂ ਤੋਂ ਮੁਕਤ ਨਹੀਂ ਰਿਹਾ। ਕਿਸੇ ਵੀ ਵੱਡੇ ਰਾਸ਼ਟਰੀ ਬਦਲਾਅ ਦੀ ਤਰ੍ਹਾਂ ਇਸ ਨੂੰ ਵੀ ਬਿਹਤਰ ਬਣਾਉਣ ਦਾ ਕੰਮ ਲਗਾਤਾਰ ਜਾਰੀ ਹੈ। ਪਰ 'ਇੱਕ ਦੇਸ਼ – ਇੱਕ ਪ੍ਰੀਖਿਆ', ਇੱਕ ਦੇਸ਼–ਇੱਕ ਭਰਤੀ ਦੀ ਮੂਲ ਭਾਵਨਾ ਨੇ ਸਿੱਖਿਆ ਵਿੱਚ ਬਰਾਬਰ ਮੌਕੇ ਦੀ ਇੱਕ ਮਜ਼ਬੂਤ ਨੀਂਹ ਜ਼ਰੂਰ ਰੱਖੀ ਹੈ।

## ਅੱਗੇ ਦੀ ਰਾਹ: ਇੱਕ ਦੇਸ਼, ਇੱਕ ਚੋਣ

ਏਕੀਕਰਣ ਦੀ ਇਹ ਯਾਤਰਾ ਹਾਲੇ ਰੁਕੀ ਨਹੀਂ ਹੈ। ਦੇਸ਼ ਵਿੱਚ ਹਰ ਸਾਲ ਕਿਸੇ ਨਾ ਕਿਸੇ ਰਾਜ ਵਿੱਚ ਚੋਣਾਂ ਹੁੰਦੀਆਂ ਰਹਿੰਦੀਆਂ ਹਨ, ਜਿਸ ਨਾਲ ਪ੍ਰਸ਼ਾਸਨਿਕ ਮਸ਼ੀਨਰੀ ਅਤੇ ਚੋਣ ਜ਼ਾਬਤੇ ਦਾ ਅਸਰ ਲਗਭਗ ਹਰ ਸਮੇਂ ਬਣਿਆ ਰਹਿੰਦਾ ਹੈ ਅਤੇ ਇਸ ਨਾਲ ਕਈ ਵਾਰ ਵਿਕਾਸ ਕਾਰਜਾਂ ਅਤੇ ਨੀਤੀਗਤ ਫੈਸਲਿਆਂ ਦੀ ਰਫ਼ਤਾਰ 'ਤੇ ਵੀ ਅਸਰ ਪਿਆ ਹੈ। ਇਸੇ ਸਮੱਸਿਆ ਦੇ ਹੱਲ ਦੇ ਲਈ 'ਇੱਕ ਦੇਸ਼, ਇੱਕ ਚੋਣ' ਯਾਨੀ ਲੋਕ ਸਭਾ ਅਤੇ ਸਾਰੀਆਂ ਰਾਜ ਵਿਧਾਨ ਸਭਾਵਾਂ ਦੀਆਂ ਚੋਣਾਂ ਇਕੱਠੇ ਕਰਵਾਉਣ ਦੇ ਵਿਚਾਰ 'ਤੇ ਲੰਬੇ ਸਮੇਂ ਤੋਂ ਚਰਚਾ ਚਲ ਰਹੀ ਹੈ, ਤਾਂ ਜੋ ਵਾਰ-ਵਾਰ ਹੋਣ ਵਾਲੀਆਂ ਚੋਣਾਂ ਦੇ ਚੱਕਰ ਤੋਂ ਪ੍ਰਸ਼ਾਸਨ ਅਤੇ ਸੰਸਾਧਨਾਂ 'ਤੇ ਪੈਣ ਵਾਲਾ ਬੋਝ ਘੱਟ ਹੋ ਸਕੇ।

ਵਾਰ-ਵਾਰ ਹੋਣ ਵਾਲੀਆਂ ਚੋਣਾਂ ਨਾਲ ਨਾ ਸਿਰਫ ਸਰਕਾਰੀ ਖਜ਼ਾਨੇ 'ਤੇ ਭਾਰੀ ਬੋਝ ਪੈਂਦਾ ਹੈ, ਸਗੋਂ ਸੁਰੱਖਿਆ ਬਲਾਂ ਅਤੇ ਪ੍ਰਸ਼ਾਸਨਿਕ ਅਮਲੇ ਨੂੰ ਵੀ ਵਾਰ-ਵਾਰ ਚੋਣ ਡਿਊਟੀ ਵਿੱਚ ਲਗਣਾ ਪੈਂਦਾ ਹੈ, ਜਿਸ ਦਾ ਅਸਰ ਵਿਕਾਸ ਕਾਰਜਾਂ ਦੀ ਨਿਰੰਤਰਤਾ 'ਤੇ ਪੈਂਦਾ ਹੈ। ਇਕੱਠੀਆਂ ਚੋਣਾਂ ਹੋਣ ਨਾਲ ਇਹ ਚੱਕਰ ਟੁੱਟੇਗਾ ਅਤੇ ਸਰਕਾਰਾਂ ਆਪਣੇ ਪੂਰੇ ਕਾਰਜਕਾਲ ਵਿੱਚ ਸਥਿਰ ਨੀਤੀ-ਨਿਰਮਾਣ 'ਤੇ ਧਿਆਨ ਦੇ ਸਕਣਗੀਆਂ।

ਇਸ ਦਿਸ਼ਾ ਵਿੱਚ ਸਤੰਬਰ 2023 ਵਿੱਚ ਸਾਬਕਾ ਰਾਸ਼ਟਰਪਤੀ ਰਾਮਨਾਥ ਕੋਵਿੰਦ ਦੀ ਪ੍ਰਧਾਨਗੀ ਹੇਠ ਇੱਕ ਉੱਚ ਪੱਧਰੀ ਕਮੇਟੀ ਤਿਆਰ ਕੀਤੀ ਗਈ, ਜਿਸ ਨੇ ਵਿਆਪਕ ਜਨਤਕ-ਵਿਚਾਰ ਵਟਾਂਦਰੇ ਅਤੇ ਮਾਹਿਰਾਂ ਨਾਲ ਚਰਚਾ ਤੋਂ ਬਾਅਦ ਆਪਣੀਆਂ ਸਿਫਾਰਸ਼ਾਂ ਸਰਕਾਰ ਨੂੰ ਸੌਂਪੀਆਂ। ਇਸੇ ਸਿਲਸਿਲੇ ਵਿੱਚ 17 ਦਸੰਬਰ 2024 ਨੂੰ ਕੇਂਦਰ ਸਰਕਾਰ ਨੇ ਲੋਕ ਸਭਾ ਵਿੱਚ ਸੰਵਿਧਾਨ (129ਵਾਂ ਸੰਸ਼ੋਧਨ) ਬਿਲ ਅਤੇ ਕੇਂਦਰ ਸ਼ਾਸਿਤ ਪ੍ਰਦੇਸ਼ ਕਾਨੂੰਨ (ਸੰਸ਼ੋਧਨ) ਬਿਲ ਪੇਸ਼ ਕੀਤਾ।

ਫਿਲਹਾਲ ਇਹ ਬਿਲ ਵਿਸਤ੍ਰਿਤ ਵਿਚਾਰ-ਵਟਾਂਦਰੇ ਦੇ ਲਈ ਸੰਸਦ ਦੀ ਸੰਯੁਕਤ ਕਮੇਟੀ (ਜੇਪੀਸੀ) ਦੇ ਕੋਲ ਹੈ। ਇਸ 'ਤੇ ਅੱਗੇ ਸੰਸਦ ਵਿੱਚ ਹੋਰ ਚਰਚਾ ਹੋਣਾ ਬਾਕੀ ਹੈ।

> *ਅੱਜ ਹਰ ਹਿੰਦੁਸਤਾਨੀ ਕਹਿ ਸਕਦਾ ਹੈ ਕਿ ਇੱਕ ਦੇਸ਼, ਇੱਕ ਸੰਵਿਧਾਨ। ਅਸੀਂ ਸਰਦਾਰ ਸਾਹੇਬ ਦੇ ਏਕ ਭਾਰਤ, ਸ਼੍ਰੇਸ਼ਠ ਭਾਰਤ ਦੇ ਸੁਪਨੇ ਨੂੰ ਸਾਕਾਰ ਕਰਨ ਵਿੱਚ ਲੱਗੇ ਹੋਏ ਹਾਂ। ਅਸੀਂ ਅਜਿਹੀਆਂ ਵਿਵਸਥਾਵਾਂ ਨੂੰ ਵਿਕਸਿਤ ਕਰੀਏ ਜੋ ਦੇਸ਼ ਦੀ ਏਕਤਾ ਨੂੰ ਬਲ ਦੇਣ। ਇਹ ਪ੍ਰਕਿਰਿਆ ਨਿਰੰਤਰ ਚੱਲਣੀ ਚਾਹੀਦੀ ਹੈ।*
>
> **–ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਏਕਤਾ ਦਾ ਵਧਦਾ ਦਾਇਰਾ

ਸਾਡੇ ਇੱਥੇ ਕਿਹਾ ਵੀ ਗਿਆ ਹੈ - *ऐक्यं बलं समाजस्य तद्भावे स दुर्बलः। तस्मात् ऐक्यं प्रशंसन्ति दृढं राष्ट्र हितैषिणः॥* ਅਰਥਾਤ, ਕਿਸੇ ਵੀ ਸਮਾਜ ਦੀ ਤਾਕਤ ਉਸ ਦੀ ਏਕਤਾ ਹੁੰਦੀ ਹੈ। ਇਸ ਲਈ, ਮਜ਼ਬੂਤ ਰਾਸ਼ਟਰ ਦੇ ਹਿਤੈਸ਼ੀ ਏਕਤਾ ਦੀ ਇਸ ਭਾਵਨਾ ਦੀ ਸ਼ਲਾਘਾ ਕਰਦੇ ਹਨ, ਉਸ ਦੇ ਲਈ ਯਤਨ ਕਰਦੇ ਹਨ। ਇਸ ਲਈ, ਦੇਸ਼ ਦੀ ਏਕਤਾ ਅਤੇ ਇਕਜੁੱਟਤਾ ਸਾਡੀ ਸਾਰਿਆਂ ਦੀ ਸਮੂਹਿਕ ਜ਼ਿੰਮੇਵਾਰੀ ਹੈ। ਸਰਦਾਰ ਪਟੇਲ ਮੰਨਦੇ ਸਨ ਕਿ ਇਤਿਹਾਸ ਲਿਖਣ ਵਿੱਚ ਸਮਾਂ ਨਹੀਂ ਗਵਾਉਣਾ ਚਾਹੀਦਾ ਹੈ, ਸਾਨੂੰ ਤਾਂ ਇਤਿਹਾਸ ਬਣਾਉਣ ਦੇ ਲਈ ਮਿਹਨਤ ਕਰਨੀ ਚਾਹੀਦੀ ਹੈ।

ਨਿਸ਼ਚਿਤ ਤੌਰ 'ਤੇ ਇਸੇ ਸੋਚ ਦੇ ਨਾਲ ਜਦੋਂ 2015 ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ 'ਏਕ ਭਾਰਤ-ਸ਼੍ਰੇਸ਼ਠ ਭਾਰਤ' ਦੀ ਸ਼ੁਰੂਆਤ ਕੀਤੀ ਸੀ, ਤਦ ਸ਼ਾਇਦ ਕੁਝ ਲੋਕਾਂ ਦੇ ਲਈ ਇਹ ਸਿਰਫ ਇੱਕ ਸੱਭਿਆਚਾਰਕ ਪ੍ਰੋਗਰਾਮ ਭਰ ਸੀ। ਪਰ ਬੀਤੇ ਇੱਕ ਦਹਾਕੇ ਤੋਂ ਵੱਧ ਸਮੇਂ ਵਿੱਚ ਇਹ ਭਾਵਨਾ ਟੈਕਸ ਵਿਵਸਥਾ, ਰਾਸ਼ਨ ਦੀ ਥਾਲੀ, ਸੈਨਿਕਾਂ ਦੇ ਸਨਮਾਨ, ਸੰਵਿਧਾਨ ਦੀ ਸਮਾਨਤਾ, ਪ੍ਰੀਖਿਆ ਦੇ ਮੌਕੇ ਅਤੇ ਗਿਆਨ ਤੱਕ ਪਹੁੰਚ ਬਣਾਉਂਦੇ ਹੋਏ ਸਾਰੇ ਖੇਤਰ ਵਿੱਚ ਗਹਿਰਾਈ ਨਾਲ ਉਤਰ ਆਈ ਹੈ। ਇਹ ਯਾਤਰਾ ਲਗਾਤਾਰ ਜਾਰੀ ਹੈ, ਜਿਸ ਦੇ ਮੂਲ ਵਿੱਚ ਨਾਗਰਿਕਾਂ ਨੂੰ ਦੇਸ਼ ਵਿੱਚ ਕਿਤੇ ਵੀ ਇੱਕ ਬਰਾਬਰ ਵਿਵਸਥਾ ਯਕੀਨੀ ਬਣਾਉਣਾ ਹੈ।



**ਕੇਂਦਰੀ ਕੈਬਨਿਟ ਦੇ ਫ਼ੈਸਲੇ**

# ਰਬੀ ਫਸਲਾਂ ਦੀ ਐੱਮਐੱਸਪੀ ਵਿੱਚ ਵਾਧਾ,

## ਗ੍ਰੀਨ ਐਨਰਜੀ ਕੌਰੀਡੋਰ ਫੇਜ-III ਯੋਜਨਾ ਨੂੰ ਮਨਜ਼ੂਰੀ

*ਕੇਂਦਰ ਸਰਕਾਰ ਕਿਸਾਨ ਭਲਾਈ ਅਤੇ ਅਖੁੱਟ ਊਰਜਾ ਤੱਕ ਪਹੁੰਚ ਵਧਾਉਣ ਦੇ ਲਈ ਵਚਨਬੱਧ ਹੈ ਜਿਸ ਦੇ ਲਈ ਦੇਸ਼ ਲਗਾਤਾਰ ਕੰਮ ਕਰ ਰਿਹਾ ਹੈ। ਇਸੇ ਕੜੀ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ 30 ਸਤੰਬਰ ਨੂੰ ਹੋਈ ਕੇਂਦਰੀ ਕੈਬਨਿਟ ਦੀ ਮੀਟਿੰਗ ਵਿੱਚ ਰਬੀ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਦੇ ਪ੍ਰਸਤਾਵਾਂ ਨੂੰ ਮਨਜ਼ੂਰੀ ਦਿੱਤੀ ਗਈ। ਨਾਲ ਹੀ, ਗ੍ਰੀਨ ਐਨਰਜੀ ਕੌਰੀਡੋਰ ਫੇਜ-III ਯੋਜਨਾ ਸਮੇਤ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ ਲਾਗੂ ਕਰਨ ਦੇ ਪ੍ਰਸਤਾਵ ਨੂੰ ਵੀ ਮਨਜ਼ੂਰੀ ਦਿੱਤੀ ਗਈ। ਇਸ ਨਾਲ ਕਿਸਾਨਾਂ ਅਤੇ ਵਾਤਾਵਰਣ ਦੀ ਸੁਰੱਖਿਆ ਵਿੱਚ ਮਿਲੇਗੀ ਮਦਦ...*

**ਫ਼ੈਸਲੇ: ਆਰਥਿਕ ਮਾਮਲਿਆਂ ਦੀ ਕੈਬਨਿਟ ਕਮੇਟੀ ਨੇ ਮਾਰਕੀਟਿੰਗ ਸੈਸ਼ਨ 2027-28 ਦੇ ਲਈ ਸਾਰੀਆਂ ਨੋਟੀਫਾਇਡ ਰਬੀ ਫਸਲਾਂ ਦੇ ਘੱਟੋ-ਘੱਟ ਸਮਰਥਨ ਮੁੱਲ (ਐੱਮਐੱਸਪੀ) ਵਿੱਚ ਵਾਧੇ ਨੂੰ ਮਨਜ਼ੂਰੀ ਦਿੱਤੀ।**

**ਪ੍ਰਭਾਵ:** ਐੱਮਐੱਸਪੀ ਵਿੱਚ ਸਭ ਤੋਂ ਵੱਧ ਵਾਧਾ ਕੁਸੁਮ ਦੇ ਲਈ ਐਲਾਨ ਕੀਤਾ ਗਿਆ ਹੈ, ਜੋ 675 ਰੁਪਏ ਪ੍ਰਤੀ ਕੁਇੰਟਲ ਹੈ। ਇਸ ਤੋਂ ਬਾਅਦ ਰੈਪਸੀਡ ਅਤੇ ਸਰ੍ਹੋਂ ਦੇ ਲਈ 413 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਹੋਇਆ ਹੈ। ਮਸੂਰ, ਜੌਂ, ਛੋਲੇ ਅਤੇ ਕਣਕ ਦੇ ਲਈ ਕ੍ਰਮਵਾਰ: 390 ਰੁਪਏ ਪ੍ਰਤੀ ਕੁਇੰਟਲ, 136 ਰੁਪਏ ਪ੍ਰਤੀ ਕੁਇੰਟਲ, 83 ਰੁਪਏ ਪ੍ਰਤੀ ਕੁਇੰਟਲ ਅਤੇ 25 ਰੁਪਏ ਪ੍ਰਤੀ ਕੁਇੰਟਲ ਦਾ ਵਾਧਾ ਕੀਤਾ ਗਿਆ ਹੈ।

- 2014-15 ਤੋਂ 2025-26 ਦੌਰਾਨ ਕਣਕ ਦੀ ਖਰੀਦ 3715 ਲੱਖ ਮੀਟ੍ਰਿਕ ਟਨ ਤੱਕ ਵਧ ਗਈ ਹੈ।
- ਇਸੇ ਤਰ੍ਹਾਂ, 2014-15 ਤੋਂ 2025-26 ਦੌਰਾਨ ਰਬੀ ਦੀਆਂ 6 ਫਸਲਾਂ ਦੀ ਖਰੀਦ 3921 ਲੱਖ ਮੀਟ੍ਰਿਕ ਟਨ ਤੱਕ ਵਧ ਗਈ ਹੈ।
- ਵਰ੍ਹੇ 2014-15 ਤੋਂ 2025-26 ਦੌਰਾਨ ਕਣਕ ਉਤਪਾਦਕ ਕਿਸਾਨਾਂ ਨੂੰ

ਭੁਗਤਾਨ ਕੀਤਾ ਗਿਆ ਐੱਮਐੱਸਪੀ ਵਧ ਕੇ 7.31 ਲੱਖ ਕਰੋੜ ਰੁਪਏ ਹੋ ਗਿਆ ਹੈ।

- ਵਰ੍ਹੇ 2014-15 ਤੋਂ 2025-26 ਦੇ ਦੌਰਾਨ ਰਬੀ ਦੀਆਂ ਛੇ ਫ਼ਸਲਾਂ ਦੇ ਉਤਪਾਦਕ ਕਿਸਾਨਾਂ ਨੂੰ ਭੁਗਤਾਨ ਕੀਤਾ ਗਿਆ ਐੱਮਐੱਸਪੀ ਵਧਾ ਕੇ 8.36 ਲੱਖ ਕਰੋੜ ਰੁਪਏ ਕੀਤਾ ਗਿਆ ਹੈ।

**ਫੈਸਲਾ : ਬੈਟਰੀ ਐਨਰਜੀ ਸਟੋਰੇਜ ਸਿਸਟਮ ਦੇ ਨਾਲ ਇੰਟ੍ਰਾ-ਸਟੇਟ ਟ੍ਰਾਂਸਮਿਸ਼ਨ ਸਿਸਟਮ ਦੇ ਵਿਕਾਸ ਦੇ ਲਈ ਗ੍ਰੀਨ ਐਨਰਜੀ ਕੌਰੀਡੋਰ ਫੇਜ -III ਯੋਜਨਾ ਨੂੰ ਮਨਜ਼ੂਰੀ।**

**ਪ੍ਰਭਾਵ:** ਇਹ ਇਤਿਹਾਸਕ ਪਹਿਲ ਭਾਰਤ ਦੇ ਇੰਟ੍ਰਾ-ਸਟੇਟ ਟ੍ਰਾਂਸਮਿਸ਼ਨ ਸਿਸਟਮ ਨੂੰ ਮਜ਼ਬੂਤ ਕਰੇਗੀ, ਜਿਸ ਨਾਲ ਰਾਜਾਂ/ਕੇਂਦਰ ਸ਼ਾਸਿਤ ਪ੍ਰਦੇਸ਼ਾਂ ਵਿੱਚ 135 ਗੀਗਾਵਾਟ ਤੱਕ ਦੀ ਰਿਨਿਊਏਬਲ ਐਨਰਜੀ ਨੂੰ ਇੱਕ ਜਗ੍ਹਾ ਤੋਂ ਦੂਜੀ ਜਗ੍ਹਾ ਪਹੁੰਚਾਉਣਾ ਸੰਭਵ ਹੋ ਸਕੇਗਾ।

- ਇਹ ਯੋਜਨਾ ਵਿੱਤੀ ਵਰ੍ਹੇ 2032-33 ਤੱਕ ਸਥਾਪਿਤ ਕੀਤੇ ਜਾਣ ਦਾ ਟੀਚਾ ਹੈ, ਜਿਸ ਦੀ ਕੁੱਲ ਪ੍ਰੋਜੈਕਟ ਲਾਗਤ 1,86,405 ਕਰੋੜ ਰੁਪਏ ਹੈ।
- ਇਹ ਯੋਜਨਾ 2035 ਤੱਕ 900 ਗੀਗਾਵਾਟ ਸਥਾਪਿਤ ਨੌਨ-ਫੌਸਿਲ ਐਨਰਜੀ ਸਮਰੱਥਾ ਦੇ ਟੀਚੇ ਨੂੰ ਹਾਸਲ ਕਰਨ ਵਿੱਚ ਮਦਦ ਕਰੇਗੀ।
- ਇਹ ਯੋਜਨਾ ਦੇਸ਼ ਦੀ ਦੀਰਘਕਾਲੀ ਊਰਜਾ ਸੁਰੱਖਿਆ ਵਿੱਚ ਵੀ ਯੋਗਦਾਨ ਦੇਵੇਗੀ ਅਤੇ ਕਾਰਬਨ ਫੁਟਪ੍ਰਿੰਟ ਨੂੰ ਘੱਟ ਕਰਕੇ ਵਾਤਾਵਰਣ ਦੇ ਅਨੁਕੂਲ ਵਿਕਾਸ ਨੂੰ ਹੁਲਾਰਾ ਦੇਵੇਗੀ।
- ਇਸ ਨਾਲ ਊਰਜਾ ਖੇਤਰ, ਮੈਨੂਫੈਕਚਰਿੰਗ ਅਤੇ ਨਿਰਮਾਣ ਉਦਯੋਗਾਂ ਵਿੱਚ ਵੱਡੇ ਪੈਮਾਨੇ 'ਤੇ ਪ੍ਰਤੱਖ ਅਤੇ ਅਪ੍ਰਤੱਖ ਰੁਜ਼ਗਾਰ ਪੈਦਾ ਹੋਣਗੇ।
- ਬੈਟਰੀ ਐਨਰਜੀ ਸਟੋਰੇਜ ਸਿਸਟਮ (ਬੀਈਐੱਸਐੱਸ) ਦੇ ਮੈਨੂਫੈਕਚਰਿੰਗ ਅਤੇ ਉਸ ਦੇ ਉਪਯੋਗ ਤੋਂ ਘਰੇਲੂ ਊਰਜਾ ਭੰਡਾਰਣ ਉਦਯੋਗ ਵਿੱਚ ਵਾਧੂ ਰੁਜ਼ਗਾਰ ਦੇ ਮੌਕੇ ਪੈਦਾ ਹੋਣਗੇ।
- ਇਸ ਤੋਂ ਇਲਾਵਾ, ਇਹ ਯੋਜਨਾ ਹਿੱਸਾ ਲੈਣ ਵਾਲੇ ਰਾਜਾਂ ਵਿੱਚ ਸੰਚਾਲਨ, ਰੱਖ-ਰਖਾਅ ਅਤੇ ਗ੍ਰਿਡ ਪ੍ਰਬੰਧਨ ਦੇ ਖੇਤਰ ਵਿੱਚ ਦੀਰਘਕਾਲੀ ਕੁਸ਼ਲ ਰੁਜ਼ਗਾਰ ਪੈਦਾ ਕਰੇਗੀ।




**ਫੈਸਲਾ :** ਦਿੱਲੀ ਵਿੱਚ ਇੰਟੈਲੀਜੈਂਟ ਟ੍ਰੈਫਿਕ ਮੈਨੇਜਮੈਂਟ ਸਿਸਟਮ (ਆਈਟੀਐੱਮਐੱਸ) ਲਾਗੂ ਕਰਨ ਨੂੰ ਮਨਜ਼ੂਰੀ।

**ਪ੍ਰਭਾਵ:** ਪ੍ਰੋਜੈਕਟ ਦੇ ਤਹਿਤ 42 ਚਿੰਨ੍ਹਿਤ ਟ੍ਰੈਫਿਕ ਕੌਰੀਡੋਰਸ ਨੂੰ ਕਵਰ ਕੀਤਾ ਜਾਵੇਗਾ। ਏਆਈ ਦੇ ਜ਼ਰੀਏ ਵਾਹਨਾਂ ਦੀ ਨਿਗਰਾਨੀ ਕੀਤੀ ਜਾਵੇਗੀ।

- ਇਸ ਨੂੰ 24 ਮਹੀਨਿਆਂ ਵਿੱਚ ਤਿੰਨ ਪੜਾਵਾਂ ਵਿੱਚ ਲਾਗੂ ਕੀਤਾ ਜਾਵੇਗਾ, ਜਿਸ ਤੋਂ ਬਾਅਦ 5 ਵਰ੍ਹਿਆਂ ਤੱਕ ਸੰਚਾਲਨ ਅਤੇ ਰੱਖ-ਰਖਾਅ ਕੀਤਾ ਜਾਵੇਗਾ।
- ਨਵੀਂ ਵਿਵਸਥਾ ਵਿੱਚ ਅਜਿਹੇ ਸਿਗਨਲ ਲਗਾਏ ਜਾਣਗੇ ਜੋ ਸੜਕ 'ਤੇ ਵਾਹਨਾਂ ਦੀ ਗਿਣਤੀ ਅਤੇ ਆਵਾਜਾਈ ਦੀ ਸਥਿਤੀ ਦੇ ਅਨੁਸਾਰ ਆਪਣੇ ਸਮੇਂ ਵਿੱਚ ਬਦਲਾਅ ਕਰ ਸਕਣਗੇ।
- ਏਆਈ ਦੀ ਮਦਦ ਨਾਲ ਚੋਰੀ ਅਤੇ ਸ਼ੱਕੀ ਵਾਹਨਾਂ ਦੀ ਨਿਗਰਾਨੀ ਅਸਾਨ ਹੋਵੇਗੀ।

ਕੈਬਨਿਟ ਦੇ ਫ਼ੈਸਲਿਆਂ 'ਤੇ ਪ੍ਰੈੱਸ ਬ੍ਰੀਫਿੰਗ ਦੇਖਣ ਦੇ ਲਈ QR ਕੋਡ ਸਕੈਨ ਕਰੋ।






**51,000 ਤੋਂ ਵੱਧ ਨਿਯੁਕਤੀ ਪੱਤਰ ਵੰਡੇ**

# ਭਵਿੱਖ ਦੇ ਲਈ ਨੌਜਵਾਨਾਂ ਨੂੰ ਤਿਆਰ ਕਰ ਰਹੀ ਹੈ ਭਾਰਤ ਸਰਕਾਰ

*ਭਾਰਤ ਸਰਕਾਰ ਰਾਸ਼ਟਰੀ ਸਿੱਖਿਆ ਨੀਤੀ, ਸਕਿੱਲ ਇੰਡੀਆ ਮਿਸ਼ਨ, ਪ੍ਰਧਾਨ ਮੰਤਰੀ ਕੌਸ਼ਲ ਵਿਕਾਸ ਯੋਜਨਾ ਅਤੇ ਪੀਐੱਮ ਸੇਤੂ ਵਰਗੀਆਂ ਯੋਜਨਾਵਾਂ ਨਾਲ ਨਾ ਸਿਰਫ਼ ਨੌਜਵਾਨਾਂ ਨੂੰ ਭਵਿੱਖ ਲਈ ਤਿਆਰ ਕਰ ਰਹੀ ਹੈ, ਸਗੋਂ ਯੁਵਾ ਰੁਜ਼ਗਾਰ ਵੀ ਪ੍ਰਾਪਤ ਕਰ ਰਹੇ ਹਨ। ਇਸੇ ਕੜੀ ਵਿੱਚ 19 ਸਤੰਬਰ ਨੂੰ 51 ਹਜ਼ਾਰ ਤੋਂ ਵੱਧ ਨੌਜਵਾਨਾਂ ਨੂੰ ਰੁਜ਼ਗਾਰ ਮੇਲੇ ਵਿੱਚ ਸਰਕਾਰੀ ਸੇਵਾ ਦਾ ਨਿਯੁਕਤੀ ਪੱਤਰ ਦਿੱਤਾ ਗਿਆ। 20ਵੇਂ ਰੁਜ਼ਗਾਰ ਮੇਲੇ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਤੁਸੀਂ ਜਿਸ ਮੁਕਾਮ 'ਤੇ ਪਹੁੰਚੇ ਹੋ, ਉਸ ਵਿੱਚ ਤੁਹਾਡੀ ਮਿਹਨਤ ਦੇ ਨਾਲ-ਨਾਲ ਮਾਤਾ-ਪਿਤਾ ਅਤੇ ਪਰਿਵਾਰਕ ਮੈਂਬਰਾਂ ਦੀ ਵੀ ਹੈ ਤਪੱਸਿਆ...*

ਨੌਜਵਾਨਾਂ ਲਈ ਨਵੇਂ ਮੌਕੇ ਤਦ ਹੀ ਬਣਦੇ ਹਨ, ਜਦੋਂ ਦੇਸ਼ ਦੀ ਇਕੌਨਮੀ ਅੱਗੇ ਵਧਦੀ ਹੈ, ਜਦੋਂ ਨਿਵੇਸ਼ ਵਧਦਾ ਹੈ, ਨਵੇਂ ਉਦਯੋਗ ਲੱਗਦੇ ਹਨ ਅਤੇ ਨਵੇ ਸੈਕਟਰਾਂ ਦਾ ਵਿਸਥਾਰ ਹੁੰਦਾ ਹੈ। ਅੱਜ ਭਾਰਤ ਤੇਜ਼ੀ ਨਾਲ ਗ੍ਰੋਅ ਕਰਨ ਵਾਲੀ ਵੱਡੀ ਅਰਥਵਿਵਸਥਾ ਹੈ। ਇਸ ਵਿੱਤੀ ਵਰ੍ਹੇ ਦੀ ਤਿਮਾਹੀ ਵਿੱਚ ਭਾਰਤ ਦੀ ਵਿਕਾਸ ਦਰ 7.8 ਪ੍ਰਤੀਸ਼ਤ ਰਹੀ ਹੈ। ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਰਕਾਰ ਦੀ ਕੋਸ਼ਿਸ਼ ਹੈ ਕਿ ਪ੍ਰਾਈਵੇਟ ਸੈਕਟਰ ਵਿੱਚ ਵੀ ਰੁਜ਼ਗਾਰ ਦੇ ਨਵੇਂ ਮੌਕੇ ਤੇਜ਼ੀ ਨਾਲ ਵਧਣ ।

ਇਸੇ ਸੋਚ ਦੇ ਨਾਲ ਪ੍ਰਧਾਨ ਮੰਤਰੀ ਵਿਕਸਿਤ ਭਾਰਤ ਰੁਜ਼ਗਾਰ ਯੋਜਨਾ ਸ਼ੁਰੂ ਕੀਤੀ ਗਈ ਹੈ। ਇਸ ਯੋਜਨਾ 'ਤੇ ਲਗਭਗ ਇੱਕ ਲੱਖ ਕਰੋੜ ਰੁਪਏ ਖਰਚ ਕੀਤੇ ਜਾ ਰਹੇ ਹਨ। ਇਸ ਯੋਜਨਾ ਦੀ ਮਦਦ ਨਾਲ ਕਰੀਬ ਦੋ ਕਰੋੜ ਨੌਜਵਾਨਾਂ ਨੂੰ ਪਹਿਲੀ ਵਾਰ ਵਰਕਫੋਰਸ ਦਾ ਹਿੱਸਾ ਬਣਨ ਦਾ ਮੌਕਾ ਮਿਲੇਗਾ। ਪ੍ਰਧਾਨ ਮੰਤਰੀ ਮੋਦੀ ਨੇ ਕਿਹਾ ਕਿ

## ਹੁਣ ਤੱਕ 12.75 ਲੱਖ ਨੌਜਵਾਨਾਂ ਨੂੰ ਮਿਲੇ ਹਨ ਨਿਯੁਕਤੀ ਪੱਤਰ

- ਇਹ ਰੁਜ਼ਗਾਰ ਮੇਲਾ ਪੂਰੇ ਦੇਸ਼ ਵਿੱਚ 45 ਸਥਾਨਾਂ 'ਤੇ ਆਯੋਜਿਤ ਹੋਇਆ।
- ਨਵੇਂ ਨਿਯੁਕਤ ਕੀਤੇ ਕਰਮਚਾਰੀ ਭਾਰਤ ਸਰਕਾਰ ਦੇ ਵੱਖ-ਵੱਖ ਮੰਤਰਾਲਿਆਂ ਅਤੇ ਵਿਭਾਗਾਂ ਵਿੱਚ ਸ਼ਾਮਲ ਹੋਣਗੇ।
- ਇਨ੍ਹਾਂ ਵਿੱਚ ਮਾਲੀਆ ਵਿਭਾਗ, ਰੇਲਵੇ ਮੰਤਰਾਲਾ, ਗ੍ਰਹਿ ਮੰਤਰਾਲਾ, ਸਿਹਤ ਅਤੇ ਪਰਿਵਾਰ ਭਲਾਈ ਮੰਤਰਾਲਾ, ਵਿੱਤੀ ਸੇਵਾ ਵਿਭਾਗ, ਰੱਖਿਆ ਮੰਤਰਾਲਾ ਆਦਿ ਸ਼ਾਮਲ ਹਨ।
- 20ਵੇਂ ਰੁਜ਼ਗਾਰ ਮੇਲੇ ਦੇ ਨਾਲ ਹੀ ਰੁਜ਼ਗਾਰ ਮੇਲਿਆਂ ਦੇ ਜ਼ਰੀਏ ਵੱਖ-ਵੱਖ ਵਿਭਾਗਾਂ ਅਤੇ ਸਰਕਾਰੀ ਸੰਗਠਨਾਂ ਵਿੱਚ ਲਗਭਗ 12.75 ਲੱਖ ਨੌਜਵਾਨਾਂ ਨੂੰ ਨੌਕਰੀ ਮਿਲੀ ਹੈ।

**iGOT ਕਰਮਯੋਗੀ ਪਲੈਟਫਾਰਮ ‘ਤੇ ਅੱਜ ਇੱਕ ਕਰੋੜ 70 ਲੱਖ ਤੋਂ ਵੱਧ ਸਰਕਾਰੀ ਕਰਮਚਾਰੀ ਜੁੜ ਚੁੱਕੇ ਹਨ।**

*ਅੱਜ ਤੁਸੀਂ ਸਾਰੇ ਇੱਕ ਅਜਿਹੇ ਸਮੇਂ ਵਿੱਚ ਭਾਰਤ ਸਰਕਾਰ ਨਾਲ ਜੁੜੇ ਹੋ, ਜਦੋਂ ਦੇਸ਼ ਇੱਕ ਬਹੁਤ ਵੱਡੇ ਟੀਚੇ ਵੱਲ ਅੱਗੇ ਵਧ ਰਿਹਾ ਹੈ ਅਤੇ ਇਹ ਟੀਚਾ ਹੈ- 2047 ਤੱਕ ਵਿਕਸਿਤ ਭਾਰਤ ਬਣਾਉਣ ਦਾ। ਇਸ ਵਿੱਚ ਨੌਜਵਾਨਾਂ ਦੀ ਬਹੁਤ ਵੱਡੀ ਭੂਮਿਕਾ ਹੈ।*


***– ਨਰੇਂਦਰ ਮੋਦੀ, ਪ੍ਰਧਾਨ ਮੰਤਰੀ***


## ਨੌਜਵਾਨਾਂ ਨੂੰ ਭਵਿੱਖ ਦੇ ਲਈ ਤਿਆਰ ਕਰਨ ‘ਤੇ ਜ਼ੋਰ

- ਰਾਸ਼ਟਰੀ ਸਿੱਖਿਆ ਨੀਤੀ, ਸਕਿੱਲ ਇੰਡੀਆ ਮਿਸ਼ਨ, ਪ੍ਰਧਾਨ ਕੌਸ਼ਲ ਵਿਕਾਸ ਯੋਜਨਾ ਜਾਂ ਉੱਦਮਤਾ ਨੂੰ ਹੁਲਾਰਾ ਦੇਣ ਦੀ ਕੋਸ਼ਿਸ਼।
- ਪੀਐੱਮ-ਸੇਤੂ ਯੋਜਨਾ ਦੇ ਜ਼ਰੀਏ 60 ਹਜ਼ਾਰ ਕਰੋੜ ਰੁਪਏ ਦੇ ਨਿਵੇਸ਼ ਨਾਲ ਇੱਕ ਹਜ਼ਾਰ ਸਰਕਾਰੀ ITIs ਨੂੰ ਆਧੁਨਿਕ ਬਣਾਇਆ ਜਾ ਰਿਹਾ ਹੈ।

ਸਰਕਾਰ ਦੁਆਰਾ ਇਸ ਯੋਜਨਾ ਦੇ ਤਹਿਤ ਪਹਿਲੀ ਵਾਰ ਨੌਕਰੀ ਪ੍ਰਾਪਤ ਕਰਨ ਵਾਲੇ ਨੌਜਵਾਨਾਂ ਨੂੰ 15 ਹਜ਼ਾਰ ਰੁਪਏ ਤੱਕ ਦਾ ਇਨਸੈਂਟਿਵ ਵੀ ਦਿੱਤਾ ਜਾ ਰਿਹਾ ਹੈ। ਨਵੇਂ ਰੁਜ਼ਗਾਰ ਪੈਦਾ ਕਰਨ ਵਾਲੇ ਰੁਜ਼ਗਾਰਦਾਤਾਵਾਂ ਨੂੰ ਵੀ ਸਰਕਾਰ ਪ੍ਰੋਤਸਾਹਨ ਦੇ ਰਹੀ ਹੈ। ਯਾਨੀ ਦੇਸ਼ ਵਿੱਚ ਰੁਜ਼ਗਾਰ ਵਧਾਉਣ ਦੇ ਲਈ ਸਰਕਾਰ ਹਰ ਮੋਰਚੇ ‘ਤੇ ਕੰਮ ਕਰ ਰਹੀ ਹੈ।

## ਨੌਜਵਾਨਾਂ ਨੂੰ ਸਰਕਾਰੀ ਨੌਕਰੀ ਦੇਣ ਦੇ ਲਈ ਰੁਜ਼ਗਾਰ ਮੇਲਾ





# ਸੈਮੀਕੰਡਕਟਰ ਦਾ ਈਕੋਸਿਸਟਮ

## ਖੋਲ੍ਹ ਰਿਹਾ ਨਵੀਨਤਾ, ਨਿਵੇਸ਼ ਅਤੇ ਵਿਕਾਸ ਦੇ ਨਵੇਂ ਮੌਕੇ

*ਮਜ਼ਬੂਤ ਹੁੰਦੀ ਅਰਥਵਿਵਸਥਾ ਅਤੇ ਦੁਨੀਆ ਦੇ ਭਰੋਸੇ ਦੇ ਦਮ 'ਤੇ ਭਾਰਤ ਨਵਾਂ ਗਲੋਬਲ ਮੈਨੂਫੈਕਚਰਿੰਗ ਹੱਬ ਬਣਨ ਵੱਲ ਵਧ ਰਿਹਾ ਹੈ। ਇਸ ਵਿੱਚ ਆਉਣ ਵਾਲੇ ਸਮੇਂ ਵਿੱਚ ਸੈਮੀਕੰਡਕਟਰ ਈਕੋਸਿਸਟਮ ਦੀ ਵੱਡੀ ਭੂਮਿਕਾ ਹੋਣ ਵਾਲੀ ਹੈ। 17 ਸਤੰਬਰ ਨੂੰ ਦਿੱਲੀ ਵਿਖੇ ਆਯੋਜਿਤ 'ਸੈਮੀਕੌਨ ਇੰਡੀਆ 2026' ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਭਾਰਤ ਦਾ ਸੈਮੀਕੰਡਕਟਰ ਖੇਤਰ ਤੇਜ਼ੀ ਨਾਲ ਅੱਗੇ ਵਧ ਰਿਹਾ ਹੈ। ਅਜਿਹੇ ਵਿੱਚ ਉਨ੍ਹਾਂ ਨੇ ਦੇਸ਼-ਵਿਦੇਸ਼ ਦੇ ਪ੍ਰਤਿਭਾਸ਼ਾਲੀ ਨੌਜਵਾਨਾਂ ਨੂੰ ਆਧੁਨਿਕ ਤਕਨੀਕ ਦੇ ਵਿਕਾਸ ਵਿੱਚ ਸਾਂਝੇਦਾਰ ਬਣਨ ਦਾ ਦਿੱਤਾ ਸੱਦਾ...*

ਸੈਮੀਕੌਨ ਇੰਡੀਆ ਦੀ 2022 ਵਿੱਚ ਸ਼ੁਰੂਆਤ ਹੋਈ। ਮੋਹਾਲੀ ਅਤੇ ਸੂਰਤ ਵਿੱਚ ਦੋ ਨਵੇਂ ਪਲਾਂਟਾਂ ਵਿੱਚ ਵਪਾਰਕ ਉਤਪਾਦਨ ਸ਼ੁਰੂ ਹੋਇਆ ਅਤੇ ਹੁਣ ਆਲਮੀ ਗਾਹਕਾਂ ਤੱਕ ਚਿੱਪ ਪਹੁੰਚਣ ਲੱਗੀ। ਇਸ ਨਾਲ ਦੇਸ਼ ਵਿੱਚ ਰਿਕਾਰਡ ਸਮੇਂ ਵਿੱਚ ਚਿੱਪ ਡਿਜ਼ਾਈਨ, ਉਪਕਰਣ ਨਿਰਮਾਣ ਅਤੇ ਪ੍ਰੀਖਣ ਸਮਰੱਥਾਵਾਂ ਦਾ ਵਿਕਾਸ ਹੋਇਆ ਹੈ। ਸੈਮੀਕੌਨ ਇੰਡੀਆ 2026 ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਇਹ ਜਾਣਕਾਰੀ ਦਿੱਤੀ ਅਤੇ 13.5 ਅਰਬ ਡਾਲਰ ਦੇ ਸੈਮੀਕੰਡਕਟਰ ਮਿਸ਼ਨ ਦੇ ਦੂਜੇ ਪੜਾਅ ਦਾ ਐਲਾਨ ਕੀਤਾ। ਨਾਲ ਹੀ, ਨਵੇਂ ਰੈਗੂਲੇਟਰੀ ਸੁਧਾਰਾਂ ਦਾ ਜ਼ਿਕਰ ਕੀਤਾ ਜੋ ਕਿ ਅੰਤਰਰਾਸ਼ਟਰੀ ਕੰਪਨੀਆਂ, ਸਟਾਰਟਅੱਪਸ ਅਤੇ ਡਿਜ਼ਾਈਨ ਫਰਮਾਂ ਦੇ ਦਰਮਿਆਨ ਸਹਿਯੋਗ ਨੂੰ ਸਰਲ ਬਣਾਉਣਗੇ।



## ਪਿਛਲੇ 15 ਦਿਨਾਂ ਦੀਆਂ ਪ੍ਰਾਪਤੀਆਂ ...


**3,000** **ਕਿਲੋਮੀਟਰ ਲੰਬੇ ਸਮਰਪਿਤ ਫ੍ਰੇਟ ਕੌਰੀਡੋਰ ਦੀ ਸ਼ੁਰੂਆਤ।**

- 7.8% ਦੀ ਦਰ ਨਾਲ ਪਹਿਲੀ ਤਿਮਾਹੀ ਵਿੱਚ ਵਧੀ ਜੀਡੀਪੀ।
- ਬ੍ਰਿਕਸ ਦੇ ਦਿੱਲੀ ਐਲਾਨ ਪੱਤਰ ਨੂੰ ਸਾਰਿਆਂ ਦੀ ਸਹਿਮਤੀ ਨਾਲ ਮੈਂਬਰ ਰਾਸ਼ਟਰਾਂ ਨੇ ਸਵੀਕਾਰ ਕੀਤਾ।
- ਮੁੰਬਈ ਵਿੱਚ ਗਲੋਬਲ ਫਿਨਟੈੱਕ ਫੈਸਟ ਹੋਇਆ। ਜਿਸ ਵਿੱਚ ਏਜੈਂਟਿਕ ਏਆਈ ਅਤੇ ਕੁਆਂਟਮ ਟੈਕਨੋਲੋਜੀ ਦੇ ਜ਼ਰੀਏ ਇਨਕਲੂਸਿਵ ਫਾਈਨੈਂਸ ਬਾਰੇ ਚਰਚਾ ਹੋਈ।

## ਪ੍ਰਧਾਨ ਮੰਤਰੀ ਮੋਦੀ ਦੀਆਂ ਖਾਸ ਗੱਲਾਂ...

**20%** **ਤੋਂ ਵੱਧ ਰਹੀ ਹੈ ਸੈਮੀਕੰਡਕਟਰ ਮਾਰਕਿਟ ਦੀ ਗ੍ਰੋਥ ਬੀਤੇ ਦੋ ਵਰ੍ਹਿਆਂ ਵਿੱਚ, ਇਸ ਗ੍ਰੋਥ ਦੀ ਵੱਡੀ ਵਜ੍ਹਾ ਏਆਈ ਤੋਂ ਪੈਦਾ ਹੋਈ ਮੰਗ ਹੈ।**

- ਇੱਕ ਲੱਖ ਇੰਜੀਨੀਅਰਿੰਗ ਵਿਦਿਆਰਥੀਆਂ ਨੂੰ ਟ੍ਰੇਂਡ ਕਰਨ ਦੀ ਸਰਕਾਰ ਦੀ ਅਭਿਲਾਸ਼ੀ ਯੋਜਨਾ, ਜਿਨ੍ਹਾਂ ਵਿੱਚੋਂ 70 ਹਜ਼ਾਰ ਦੀ ਟ੍ਰੇਨਿੰਗ ਪੂਰੀ।
- 60 ਗੀਗਾਵਾਟ ਤੋਂ ਵੱਧ ਸੋਲਰ ਐਨਰਜੀ ਸਮਰੱਥਾ, ਜੋ ਇੱਕ ਦਹਾਕੇ ਪਹਿਲਾਂ ਕਰੀਬ ਦੋ ਗੀਗਾਵਾਟ ਸੀ।






**ਸੈਮੀਕੰਡਕਟਰ ਈਕੋਸਿਸਟਮ ਤਿਆਰ ਕਰਨ ਵਿੱਚ ਦਹਾਕਿਆਂ ਦਾ ਸਮਾਂ ਲੱਗਦਾ ਹੈ ਪਰ ਭਾਰਤ ਨੇ ਘੱਟ ਸਮੇਂ ਵਿੱਚ ਵੱਡੀ ਕਾਮਯਾਬੀ ਹਾਸਲ ਕੀਤੀ ਹੈ। ਦੇਸ਼ ਨੇ ਇਨ੍ਹਾਂ ਸਾਰੇ ਖੇਤਰਾਂ 'ਤੇ ਇਕੱਠਿਆਂ ਕੰਮ ਕੀਤਾ ਹੈ।**

- ਚਿੱਪ ਡਿਜ਼ਾਈਨ ਅਤੇ ਮੈਨੂਫੈਕਚਰਿੰਗ।
- ਉਪਕਰਣ ਅਤੇ ਰਾਅ-ਮੈਟੀਰੀਅਲ ਸਪਲਾਈ।
- ਚਿੱਪ ਟੈਸਟਿੰਗ ਸਮਰੱਥਾਵਾਂ।

*"ਜੋ ਯੰਗ ਟੈਲੰਟ ਭਾਰਤ ਵਿੱਚ ਰਿਸਰਚ ਕਰ ਰਹੇ ਹਨ, ਉਹ ਅੱਗੇ ਆਉਣ। ਜੋ ਯੁਵਾ ਵਿਦੇਸ਼ਾਂ ਵਿੱਚ ਰਿਸਰਚ ਕਰ ਰਹੇ ਹਨ... ਉਹ ਵੀ ਭਾਰਤ ਵਿੱਚ ਐਡਵਾਂਸ ਟੈਕਨੋਲੋਜੀ ਦੇ ਡਿਵੈਲਪਮੈਂਟ ਨਾਲ ਜੁੜਨ।*

***- ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।




**‘ਉਡਾਣ’ ਦੇ 10 ਵਰ੍ਹੇ**

# ਕਨੈਕਟੀਵਿਟੀ ਵੀ...

## ਆਤਮਨਿਰਭਰ ਭਾਰਤ ਨੂੰ ਮਜ਼ਬੂਤੀ ਵੀ

*ਮੈਂ ਚਾਹੁੰਦਾ ਹਾਂ ਕਿ ਹਵਾਈ ਜਹਾਜ਼ ਵਿੱਚ ਹਵਾਈ ਚੱਪਲ ਵਾਲੇ ਲੋਕ ਦਿਖਾਈ ਦੇਣ। ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਉਡਾਣ ਯੋਜਨਾ ਦੀ ਪਹਿਲੀ ਫਲਾਈਟ ਦੇ ਲਾਂਚ ‘ਤੇ ਇਹ ਸ਼ਬਦ ਕਹੇ ਸਨ... ਅਤੇ ਅੱਜ ਉਡਾਣ ਦੇ ਅੰਕੜੇ ਦੱਸ ਰਹੇ ਹਨ ਕਿ 1.66 ਕਰੋੜ ਤੋਂ ਵੱਧ ਲੋਕ ਇਸ ਸਸਤੀ-ਕਿਫਾਇਤੀ ਹਵਾਈ ਸੇਵਾ ਦਾ ਲਾਭ ਲੈ ਚੁੱਕੇ ਹਨ। 4 ਜੁਲਾਈ, 2026 ਨੂੰ ਇਸ ਯੋਜਨਾ ਦੇ ਸੋਧੇ ਹੋਏ ਅਤੇ ਨਵੇਂ ਪੜਾਅ ਦੀ ਸ਼ੁਰੂਆਤ ਹੋਈ। ਇਸ ਯੋਜਨਾ ਵਿੱਚ ਨਾ ਸਿਰਫ਼ 120 ਨਵੇਂ ਸਥਾਨਾਂ ਅਤੇ 4 ਕਰੋੜ ਯਾਤਰੀਆਂ ਤੱਕ ਪਹੁੰਚ ਦਾ ਟੀਚਾ ਹੈ ਸਗੋਂ ਇਸ ਤੋਂ ਮਿਲੇਗੀ ਘਰੇਲੂ ਏਰੋਸਪੇਸ ਸੈਕਟਰ ਅਤੇ ਆਤਮਨਿਰਭਰ ਭਾਰਤ ਨੂੰ ਮਜ਼ਬੂਤੀ....*

ਆਜ਼ਾਦੀ ਤੋਂ ਬਾਅਦ ਦੇਸ਼ ਵਿੱਚ ਪਹਿਲੀ ਵਾਰ ਐਵੀਏਸ਼ਨ ਪੌਲਿਸੀ ਮੌਜੂਦਾ ਕੇਂਦਰ ਸਰਕਾਰ ਨੇ ਬਣਾਈ। ਇਸ ਤੋਂ ਬਾਅਦ 21 ਅਕਤੂਬਰ, 2016 ਨੂੰ ਖੇਤਰੀ ਹਵਾਈ ਸੰਪਰਕ ਯੋਜਨਾ ‘ਉਡਾਣ’ ਯਾਨੀ ਉੜੇ ਦੇਸ਼ ਕਾ ਆਮ ਨਾਗਰਿਕ ਨੂੰ ਮਨਜ਼ੂਰੀ ਦਿੱਤੀ ਗਈ। ਇਸ ਯੋਜਨਾ ਦੀ ਪਹਿਲੀ ਫਲਾਈਟ 27 ਅਪ੍ਰੈਲ, 2017 ਨੂੰ ਸ਼ੁਰੂ ਹੋਈ। ਯੋਜਨਾ ਦੀ ਸ਼ੁਰੂਆਤ ਦੇ 10 ਵਰ੍ਹੇ ਪੂਰੇ ਹੋ ਰਹੇ ਹਨ। ਇਨ੍ਹਾਂ 10 ਵਰ੍ਹਿਆਂ ਵਿੱਚ ਉਡਾਣ ਯੋਜਨਾ ਨੇ 679 ਮਾਰਗਾਂ ਦਾ ਸੰਚਾਲਨ ਸ਼ੁਰੂ ਕੀਤਾ। 95 ਹਵਾਈ ਅੱਡਿਆਂ, ਹੈਲੀਪੋਰਟਸ ਅਤੇ ਵਾਟਰ ਐਰੋਡਰੋਮ ਨੂੰ ਜੋੜ ਕੇ ਖੇਤਰੀ ਹਵਾਈ ਸੰਪਰਕ ਵਿੱਚ ਮਹੱਤਵਪੂਰਨ ਤਬਦੀਲੀ ਕੀਤੀ ਹੈ। ਇਸ ਕਿਫਾਇਤੀ ਸੇਵਾ ਦਾ ਜੁਲਾਈ, 2026 ਤੱਕ 1.68 ਕਰੋੜ ਤੋਂ ਵੱਧ ਯਾਤਰੀਆਂ ਨੇ ਲਾਭ ਲਿਆ ਹੈ।

> *“ਸਾਡੀ ਸਰਕਾਰ ਨੇ ਉਡਾਣ ਯੋਜਨਾ ਨੂੰ ਹੋਰ ਵਿਸਥਾਰ ਦਿੱਤਾ ਹੈ, ਜਿਸ ਦੇ ਤਹਿਤ ਆਉਣ ਵਾਲੇ ਵਰ੍ਹਿਆਂ ਵਿੱਚ ਛੋਟੇ-ਛੋਟੇ ਸ਼ਹਿਰਾਂ ਵਿੱਚ 100 ਨਵੇਂ ਏਅਰਪੋਰਟ ਅਤੇ 200 ਨਵੇਂ ਹੈਲੀਪੈਡ ਬਣਾਉਣ ਦੀ ਯੋਜਨਾ ਹੈ। ਇਸ ਯੋਜਨਾ ਨੇ ਭਾਰਤ ਦੇ ਐਵੀਏਸ਼ਨ ਸੈਕਟਰ ਵਿੱਚ ਮਾਮੂਲੀ ਬਦਲਾਅ ਲਿਆ ਦਿੱਤਾ ਹੈ।*
>
> **- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਭਾਰਤ ਦੀਆਂ ਇੱਛਾਵਾਂ ਦਾ ਉਤਸਵ

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ 'ਹਵਾਈ ਚੱਪਲ ਤੋਂ ਹਵਾਈ ਜਹਾਜ਼' ਤੱਕ ਦੇ ਦ੍ਰਿਸ਼ਟੀਕੋਣ ਨੂੰ 21 ਅਕਤੂਬਰ 2016 ਨੂੰ ਸ਼ੁਰੂ ਉਡਾਣ ਯੋਜਨਾ ਨੇ ਇੱਕ ਰਾਸ਼ਟਰੀ ਅੰਦੋਲਨ ਵਿੱਚ ਬਦਲ ਦਿੱਤਾ ਹੈ। ਇਹ ਯੋਜਨਾ ਹਵਾਈ ਯਾਤਰਾ ਨੂੰ ਹਰ ਭਾਰਤੀ ਦੀ ਪਹੁੰਚ ਵਿੱਚ ਹੋਰ ਅਸਾਨ ਬਣਾ ਰਹੀ ਹੈ। ਅੱਜ, ਉਡਾਣ ਸਿਰਫ਼ ਇੱਕ ਕਨੈਕਟੀਵਿਟੀ ਯੋਜਨਾ ਨਹੀਂ ਹੈ ਸਗੋਂ ਇਹ ਭਾਰਤ ਦੇ ਸੁਪਨਿਆਂ ਦਾ ਉਤਸਵ ਹੈ, ਜੋ ਕਿਸਾਨਾਂ, ਵਿਦਿਆਰਥੀਆਂ, ਕਾਰੀਗਰਾਂ ਅਤੇ ਵਪਾਰੀਆਂ ਨੂੰ ਅੱਗੇ ਵਧਣ ਦੇ ਮੌਕੇ ਦਿੰਦਾ ਹੈ। ਟੀਅਰ-2 ਅਤੇ ਟੀਅਰ- 3 ਸ਼ਹਿਰਾਂ ਤੋਂ ਲੈ ਕੇ ਦੂਰ-ਦੁਰਾਡੇ ਦੇ ਖੇਤਰਾਂ ਤੱਕ, ਐਵੀਏਸ਼ਨ ਆਰਥਿਕ ਵਿਕਾਸ, ਟੂਰਿਜ਼ਮ, ਰੁਜ਼ਗਾਰ ਅਤੇ ਸਮਾਜਿਕ ਸਮਾਵੇਸ਼ ਦਾ ਇੱਕ ਸ਼ਕਤੀਸ਼ਾਲੀ ਇੰਜਣ ਬਣ ਗਿਆ ਹੈ।

## ਭਾਰਤ ਦੀ ਐਵੀਏਸ਼ਨ ਯਾਤਰਾ ਵਿੱਚ ਇੱਕ ਹੋਰ ਨਵਾਂ ਅਧਿਆਏ

ਇਸ ਯੋਜਨਾ ਦੀ ਸਫਲਤਾ ਅਤੇ ਤਜ਼ਰਬਿਆਂ ਨੂੰ ਦੇਖਦੇ ਹੋਏ ਯੋਜਨਾ ਨੂੰ ਨਵਾਂ ਰੂਪ ਦਿੱਤਾ ਗਿਆ, ਜਿਸ ਨੂੰ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੀ ਪ੍ਰਧਾਨਗੀ ਹੇਠ

## ਆਤਮਨਿਰਭਰ ਭਾਰਤ ਨੂੰ ਮਿਲੇਗੀ ਮਜ਼ਬੂਤੀ

ਉਡਾਣ ਯੋਜਨਾ ਦੇ ਨਵੇਂ ਪੜਾਅ ਵਿੱਚ ਦੂਰ-ਦੁਰਾਡੇ ਅਤੇ ਦੁਰਗਮ ਇਲਾਕਿਆਂ ਲਈ ਦੋ 'ਧਰੁਵ' ਹੈਲੀਕੌਪਟਰ ਅਤੇ ਦੋ 'ਡੋਰਨੀਅਰ' ਜਹਾਜ਼ ਖਰੀਦੇ ਜਾਣਗੇ। ਇਸ ਨਾਲ ਛੋਟੇ ਜਹਾਜ਼ਾਂ ਦੀ ਕਮੀ ਦੂਰ ਹੋਵੇਗੀ ਅਤੇ 'ਆਤਮਨਿਰਭਰ ਭਾਰਤ' ਦੇ ਤਹਿਤ ਦੇਸ਼ ਦੇ ਹਵਾਬਾਜ਼ੀ ਉਦਯੋਗ ਨੂੰ ਵੀ ਉਤਸ਼ਾਹ ਮਿਲੇਗਾ। ਖੇਤਰੀ ਮਾਰਗਾਂ 'ਤੇ ਉਡਾਣਾਂ ਨੂੰ ਲੰਬੇ ਸਮੇਂ ਤੱਕ ਚਾਲੂ ਰੱਖਣ ਅਤੇ ਨਿਯਮਿਤ ਯਾਤਰੀਆਂ ਦੀ ਗਿਣਤੀ ਵਧਾਉਣ ਲਈ, ਇਸ ਯੋਜਨਾ ਵਿੱਚ ਵੀਜੀਐੱਫ (VGF) ਸਹਾਇਤਾ ਨੂੰ 5 ਵਰ੍ਹਿਆਂ ਤੱਕ ਵਧਾਉਣ ਦੀ ਵਿਵਸਥਾ ਕੀਤੀ ਗਈ ਹੈ।

**ਇੰਟਰਨੈਸ਼ਨਲ ਸਿਵਿਲ ਐਵੀਏਸ਼ਨ ਆਰਗੇਨਾਈਜ਼ੇਸ਼ਨ (ICAO) ਦੇ ਅਧਿਐਨ 'ਇਕੌਨਮਿਕ ਬੈਨਿਫਿਟਸ ਆਫ ਸਿਵਿਲ ਐਵੀਏਸ਼ਨ : ਰਿੱਪਲਸ ਆਫ ਪ੍ਰੌਸਪੈਰਿਟੀ' ਦੇ ਅਨੁਸਾਰ, ਹਵਾਈ ਸੰਪਰਕ ਵਿੱਚ ਇੱਕ ਰੁਪਏ ਖਰਚ ਨਾਲ ਅਰਥਵਿਵਸਥਾ 'ਤੇ ਉਸ ਦਾ ਪ੍ਰਭਾਵ 3.25 ਗੁਣਾ ਹੁੰਦਾ ਹੈ ਜਦਕਿ ਰੁਜ਼ਗਾਰ ਵਿੱਚ 6.1 ਗੁਣਾ ਪ੍ਰਭਾਵ ਹੁੰਦਾ ਹੈ।।**

ਕੈਬਨਿਟ ਨੇ 25 ਮਾਰਚ, 2026 ਨੂੰ ਮਨਜ਼ੂਰੀ ਦਿੱਤੀ। ਇਸ ਸੋਧੀ ਹੋਈ ਉਡਾਣ ਯੋਜਨਾ ਦੀ 4 ਅਪ੍ਰੈਲ, 2026 ਨੂੰ ਸ਼ੁਰੂਆਤ ਹੋ ਚੁੱਕੀ ਹੈ ਜੋ ਦੇਸ਼ ਭਰ ਵਿੱਚ ਟੀਅਰ-2 ਅਤੇ ਟੀਅਰ-3 ਸ਼ਹਿਰਾਂ ਅਤੇ ਦੂਰ-ਦੁਰਾਡੇ ਖੇਤਰਾਂ ਵਿੱਚ ਖੇਤਰੀ ਹਵਾਈ ਸੰਪਰਕ ਨੂੰ ਹੁਲਾਰਾ ਦੇਵੇਗੀ। ਅਗਲੇ ਦਸ ਵਰ੍ਹਿਆਂ ਦੀ ਮਿਆਦ ਵਿੱਚ ਲਗਭਗ 29,000 ਕਰੋੜ ਰੁਪਏ ਇਸ 'ਤੇ ਖਰਚ ਕੀਤੇ ਜਾਣਗੇ ਤਾਂ ਜੋ ਸਿਵਿਲ ਐਵੀਏਸ਼ਨ ਅਧਾਰਿਤ ਵਿਕਾਸ ਨੂੰ ਰਫ਼ਤਾਰ ਪ੍ਰਦਾਨ ਕੀਤੀ ਜਾ ਸਕੇ। ਯੋਜਨਾ ਵਿੱਚ ਮੌਜੂਦਾ ਸੇਵਾ ਦੇ ਲਈ ਅਣਉਪਲਬਧ ਹਵਾਈ ਪੱਟੀਆਂ ਵਿੱਚੋਂ 100 ਹਵਾਈ ਅੱਡਿਆਂ ਦਾ ਵਿਕਾਸ ਅਤੇ ਪਹਾੜੀ, ਉੱਤਰ-ਪੂਰਬੀ ਅਤੇ ਖਾਹਿਸ਼ੀ ਖੇਤਰਾਂ (ABINER) ਵਿੱਚ 200 ਹੈਲੀਪੋਰਟਾਂ ਦਾ ਵਿਕਾਸ ਸ਼ਾਮਲ ਹੈ। ਇਹ ਯੋਜਨਾ 'ਵਿਕਸਿਤ ਭਾਰਤ 2047' ਦੇ ਸੰਕਲਪ ਨੂੰ ਸਾਕਾਰ ਕਰਨ ਦੀ ਦਿਸ਼ਾ ਵਿੱਚ ਪ੍ਰਭਾਵਸ਼ਾਲੀ ਤਰੱਕੀ ਯਕੀਨੀ ਕਰੇਗੀ। ਇਹ ਨਵਾਂ ਪੜਾਅ ਅੰਤਿਮ ਮੀਲ ਕਨੈਕਟੀਵਿਟੀ ਨੂੰ ਹੋਰ ਮਜ਼ਬੂਤ ਕਰੇਗਾ। ਇਹ ਯਕੀਨੀ ਹੋਵੇਗਾ ਕਿ 'ਸਬਕੀ ਉਡਾਣ, ਸਬਕਾ ਵਿਕਾਸ' ਦਾ ਦ੍ਰਿਸ਼ਟੀਕੋਣ ਦੇਸ਼ ਦੇ ਹਰ ਕੋਨੇ ਵਿੱਚ ਇੱਕ ਅਸਲੀਅਤ ਬਣ ਜਾਵੇ। ■





**ਅੰਨਪੂਰਨਾ ਯੋਜਨਾ ਦੀ 3,000 ਰੁਪਏ ਦੀ ਚੌਥੀ ਕਿਸ਼ਤ ਜਾਰੀ**

# ਬੰਗਾਲ ਦੀਆਂ ਮਹਿਲਾਵਾਂ ਦੀ ਨਵੀਂ ਸਮਰੱਥਾ

*ਪੱਛਮ ਬੰਗਾਲ ਨੇ ਇਸ ਵਰ੍ਹੇ 4 ਮਈ ਨੂੰ ਤਬਦੀਲੀ ਦਾ ਇੱਕ ਨਵਾਂ ਰਸਤਾ ਚੁਣਿਆ ਅਤੇ ਇਸ ਵਿੱਚ ਮਹਿਲਾਵਾਂ ਨੇ ਅਹਿਮ ਭੂਮਿਕਾ ਨਿਭਾਈ। ਮਹਿਲਾਵਾਂ ਨੂੰ ਆਤਮ-ਨਿਰਭਰ ਅਤੇ ਉਨ੍ਹਾਂ ਦੇ ਜੀਵਨ ਨੂੰ ਸਹਿਜ ਬਣਾਉਣ ਦੇ ਲਈ ਕੇਂਦਰ ਅਤੇ ਰਾਜ ਸਰਕਾਰ ਮਿਲ ਕੇ ਯੋਜਨਾਵਾਂ ਨੂੰ ਜਲਦੀ ਤੋਂ ਜਲਦੀ ਕਰ ਰਹੀ ਹੈ ਲਾਗੂ...*

ਘਰ ਵਿੱਚ ਮਾਵਾਂ-ਭੈਣਾਂ ਦੇ ਮੋਢਿਆਂ ‘ਤੇ ਬਹੁਤ ਸਾਰੀਆਂ ਜ਼ਿੰਮੇਵਾਰੀਆਂ ਹੁੰਦੀਆਂ ਹਨ। ਮਹਿਲਾ ਹਰ ਤਰੀਕੇ ਨਾਲ ਪਰਿਵਾਰ ਦਾ ਖ਼ਿਆਲ ਰੱਖਦੀ ਹੈ। ਜਦੋਂ ਉਨ੍ਹਾਂ ਕੋਲ ਜ਼ਰੂਰੀ ਖਰਚਿਆਂ ਦੀ ਚਿੰਤਾ ਘੱਟ ਹੁੰਦੀ ਹੈ, ਤਾਂ ਉਨ੍ਹਾਂ ਦਾ ਆਤਮ-ਵਿਸ਼ਵਾਸ ਹੋਰ ਵੀ ਵਧ ਜਾਂਦਾ ਹੈ। ਇਸੇ ਉਦੇਸ਼ ਦੇ ਤਹਿਤ ਪੱਛਮ ਬੰਗਾਲ ਸਰਕਾਰ ਨੇ ਅੰਨਪੂਰਨਾ ਯੋਜਨਾ ਸ਼ੁਰੂ ਕੀਤੀ ਹੈ। ਯੋਜਨਾ ਦੇ ਤਹਿਤ 17 ਸਤੰਬਰ ਨੂੰ 1.5 ਕਰੋੜ ਮਹਿਲਾਵਾਂ ਦੇ ਖਾਤਿਆਂ ਵਿੱਚ ਤਿੰਨ-ਤਿੰਨ ਹਜ਼ਾਰ ਰੁਪਏ ਭੇਜੇ ਗਏ। ਇਸ ਪ੍ਰੋਗਰਾਮ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਇਹ ਬੰਗਾਲ ਦੀਆਂ ਮਹਿਲਾਵਾਂ ਦੇ ਆਤਮ-ਵਿਸ਼ਵਾਸ ਨੂੰ ਮਜ਼ਬੂਤੀ ਦੇਣ ਦਾ ਮਹੱਤਵਪੂਰਨ ਯਤਨ ਹੈ। ਸਰਕਾਰ ਦਾ ਟੀਚਾ ਹੈ ਕਿ ਇੱਕ ਵੀ ਯੋਗ ਮਹਿਲਾ ਯੋਜਨਾ ਦੇ ਲਾਭ ਤੋਂ ਵੰਚਿਤ ਨਾ ਰਹੇ। ਇਹ ਪੈਸਾ ਕਿਸੇ ਮਾਂ ਦੇ ਲਈ ਬੱਚੇ ਦੀ ਪੜ੍ਹਾਈ ਦਾ ਖਰਚਾ ਹੋ ਸਕਦਾ ਹੈ। ਕਿਸੇ ਭੈਣ ਦੇ ਲਈ ਦਵਾਈ ਜਾਂ ਘਰ ਦੀਆਂ ਜ਼ਰੂਰੀ ਚੀਜ਼ਾਂ ਖਰੀਦਣ ਦਾ ਸਹਾਰਾ ਹੋ ਸਕਦਾ ਹੈ।

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਸਾਡੀ ਸੋਚ ਹੈ, ਬੰਗਾਲ ਦੀਆਂ ਮਹਿਲਾਵਾਂ ਕੋਲ ਫ਼ੈਸਲੇ ਦੀ ਤਾਕਤ ਵੀ ਹੋਵੇ ਅਤੇ ਅੱਗੇ ਵਧਣ ਦਾ ਹੌਂਸਲਾ ਵੀ ਹੋਵੇ। ਇਸ ਵਿੱਚ ਅੰਨਪੂਰਨਾ ਯੋਜਨਾ ਦੀ ਵੱਡੀ ਭੂਮਿਕਾ ਹੈ। ਨਵੀਂ ਸਰਕਾਰ ਦੇ

# ਜੀਵਨ ਚੱਕਰ ਨਾਲ ਜੁੜੀ ਹਰ ਸਮੱਸਿਆ ਦਾ ਸਮਾਧਾਨ ਸਰਬਉੱਚ ਤਰਜੀਹ

| | |
|---|---|
| ਗਰਭ ਅਵਸਥਾ ਦੌਰਾਨ ਪੌਸ਼ਟਿਕ ਖਾਣਾ ਮਿਲੇ | ਮਾਤ੍ਰਿ ਵੰਦਨਾ ਯੋਜਨਾ |
| ਬੇਟੀ ਨੂੰ ਕੁੱਖ ਵਿੱਚ ਹੀ ਨਾ ਖ਼ਤਮ ਕਰ ਦਿੱਤਾ ਜਾਵੇ | ਬੇਟੀ ਬਚਾਓ-ਬੇਟੀ ਪੜ੍ਹਾਓ |
| ਪਖਾਨਾ ਨਾ ਹੋਣ ਨਾਲ ਸਕੂਲ ਨਾ ਛੱਡੇ | ਕਰੋੜਾਂ ਪਖਾਨੇ ਬਣਾਏ |
| ਬੇਟੀ ਦੀ ਸਿੱਖਿਆ ਜਾਰੀ ਰਹੇ | ਸੁਕੰਨਿਆ ਸਮ੍ਰਿੱਧੀ ਯੋਜਨਾ |
| ਬੇਟੀ ਸੈਨਿਕ ਸਕੂਲ ਜਾਣਾ ਚਾਹੇ | ਸੈਨਿਕ ਸਕੂਲ ਦੇ ਦੁਆਰ ਖੋਲ੍ਹੇ |
| ਬੇਟੀ ਵੱਡੀ ਹੋ ਕੇ ਆਪਣਾ ਕੰਮ ਕਰ ਸਕੇ | ਬਿਨਾ ਗਰੰਟੀ ਲੋਨ ਵਾਲੀ ਮੁਦਰਾ ਯੋਜਨਾ |
| ਮਾਂ ਬਣਨ ਤੋਂ ਬਾਅਦ ਨੌਕਰੀ ਜਾਰੀ ਰੱਖ ਸਕੇ | ਮਾਤ੍ਰਿਤਵ ਛੁੱਟੀ ਵਿੱਚ ਵਾਧਾ |
| ਬੇਟੀ ਨੂੰ ਪਿੰਡ ਵਿੱਚ ਕਮਾਈ ਦੇ ਨਵੇਂ ਮੌਕੇ ਮਿਲਣ | ਸੈਲਫ ਹੈਲਪ ਗਰੁੱਪ |
| ਰਸੋਈ ਵਿੱਚ ਲੱਕੜ  ਦਾ ਧੂੰਆਂ ਨਾ ਸਹਿਣਾ ਪਵੇ | ਉੱਜਵਲਾ ਦਾ ਗੈਸ ਕਨੈਕਸ਼ਨ |
| ਪਾਣੀ ਦੇ ਇੰਤਜ਼ਾਮ ਵਿੱਚ ਪਰੇਸ਼ਾਨ ਨਾ ਹੋਣਾ ਪਵੇ | ਹਰ ਘਰ ਨਲ ਸੇ ਜਲ ਯੋਜਨਾ |
| ਹਨ੍ਹੇਰੇ ਵਿੱਚ ਨਾ ਰਹਿਣਾ ਪਵੇ | ਸੌਭਾਗਯ ਯੋਜਨਾ ਤੋਂ ਮੁਫ਼ਤ ਬਿਜਲੀ ਕਨੈਕਸ਼ਨ |
| ਬੇਟੀ ਪੈਸੇ ਦੀ ਵਜ੍ਹਾ ਨਾਲ ਬਿਮਾਰੀ ਨਾ ਲੁਕਾਏ | ਆਯੁਸ਼ਮਾਨ ਕਾਰਡ |
| ਬੇਟੀ ਨੂੰ ਬੈਂਕਾਂ ਦਾ ਲਾਭ ਮਿਲੇ | ਜਨਧਨ ਯੋਜਨਾ |
| ਬੇਟੀ ਦਾ ਘਰ ਦੀ ਜਾਇਦਾਦ 'ਤੇ ਵੀ ਅਧਿਕਾਰ ਹੋਵੇ | ਪੀਐੱਮ ਆਵਾਸ |





*ਮਾਤਾਵਾਂ, ਭੈਣਾਂ ਅਤੇ ਬੇਟੀਆਂ ਦੇ ਜੀਵਨ ਚੱਕਰ ਨਾਲ ਜੁੜੀ ਹਰ ਸਮੱਸਿਆ ਦਾ ਸਮਾਧਾਨ ਕਰਨਾ ਸਰਬਉੱਚ ਤਰਜੀਹ ਰਹੀ ਹੈ। ਅਸੀਂ ਸਾਰੇ ਮਿਲ ਕੇ ਇੱਕ ਨਵੇਂ ਬੰਗਾਲ ਦਾ ਨਿਰਮਾਣ ਕਰਾਂਗੇ। ਇੱਕ ਵਿਕਸਿਤ ਬੰਗਾਲ ਦੀ ਤਾਕਤ ਨਾਲ ਵਿਕਸਿਤ ਭਾਰਤ ਦਾ ਸੰਕਲਪ ਹੋਰ ਵੀ ਮਜ਼ਬੂਤ ਹੋਵੇਗਾ।*

***-ਨਰੇਂਦਰ ਮੋਦੀ, ਪ੍ਰਧਾਨ ਮੰਤਰੀ***

ਸਾਹਮਣੇ ਸਭ ਤੋਂ ਪਹਿਲੀ ਕਸੌਟੀ ਇਹੋ ਰਹੀ ਕਿ ਬੰਗਾਲ ਦੀਆਂ ਮਹਿਲਾਵਾਂ ਦਾ ਜੀਵਨ ਆਸਾਨ ਹੋਵੇ, ਉਨ੍ਹਾਂ ਦੇ ਜੀਵਨ ਵਿੱਚ ਈਜ਼ ਆਫ਼ ਲਿਵਿੰਗ ਵਧੇ। ਇਸ ਲਈ ਅਸੀਂ ਜਿਸ ਮੂਲ ਮੰਤਰ ਨੂੰ ਲੈ ਕੇ ਚੱਲੇ, ਉਹ ਹੈ — ਕੋਥਾ ਕੌਮ, ਕਾਜ ਬੇਸ਼ੀ! ਯਾਨੀ ਗੱਲਾਂ ਘੱਟ, ਕੰਮ ਜ਼ਿਆਦਾ। ਅੰਨਪੂਰਨਾ ਯੋਜਨਾ ਦੀ ਸ਼ੁਰੂਆਤ ਇਸੇ ਸੋਚ ਦੇ ਨਾਲ ਹੋਈ ਹੈ। ਸਰਕਾਰ ਬਣਨ ਦੇ ਕੁਝ ਹੀ ਦਿਨਾਂ ਦੇ ਅੰਦਰ ਇਸ ਯੋਜਨਾ 'ਤੇ ਕੰਮ ਸ਼ੁਰੂ ਹੋਇਆ। ਇੰਨੀ ਵੱਡੀ ਗਿਣਤੀ ਵਿੱਚ ਮਹਿਲਾਵਾਂ ਦੇ ਬੈਂਕ ਖਾਤਿਆਂ ਵਿੱਚ ਪੈਸਾ ਪਹੁੰਚਣਾ ਸ਼ੁਰੂ ਹੋ ਗਿਆ ਹੈ। ਕੋਈ ਕੱਟ ਮਨੀ ਨਹੀਂ, ਕੋਈ ਵਿਚੋਲਾ ਨਹੀਂ। ਏਖੋਨ ਬਾਂਗਲਾਏ ਕਾਟਮਾਨੀ ਚੋਲੇ ਨਾ!

## 50 ਲੱਖ ਨਵੇਂ ਗ਼ਰੀਬ ਪਰਿਵਾਰਾਂ ਨੂੰ ਮਿਲਣਗੇ ਪੱਕੇ ਘਰ

ਬੀਤੇ 12 ਵਰ੍ਹਿਆਂ ਵਿੱਚ ਕੇਂਦਰ ਦੀਆਂ ਕਈ ਯੋਜਨਾਵਾਂ ਦਾ ਲਾਭ ਬੰਗਾਲ ਵਿੱਚ ਸਮੇਂ 'ਤੇ ਨਹੀਂ ਪਹੁੰਚ ਪਾਇਆ। ਇਸ ਨਾਲ ਗ਼ਰੀਬ ਪਰਿਵਾਰਾਂ ਨੂੰ ਸਭ ਤੋਂ ਵੱਧ ਨੁਕਸਾਨ ਹੋਇਆ। ਹੁਣ ਸਰਕਾਰ ਵਿੱਚ ਇਨ੍ਹਾਂ ਰੁਕੀਆਂ ਹੋਈਆਂ ਯੋਜਨਾਵਾਂ ਨੂੰ ਤੇਜ਼ ਗਤੀ ਨਾਲ ਅੱਗੇ ਵਧਾਇਆ ਗਿਆ ਹੈ। ਬੰਗਾਲ ਵਿੱਚ ਨਵੀਂ ਸਰਕਾਰ ਬਣਨ ਤੋਂ ਬਾਅਦ 50 ਲੱਖ ਤੋਂ ਵੱਧ ਅਜਿਹੇ ਨਵੇਂ ਗ਼ਰੀਬ ਪਰਿਵਾਰਾਂ ਦੀ ਪਛਾਣ ਕੀਤੀ ਗਈ ਹੈ, ਜਿਨ੍ਹਾਂ ਨੂੰ ਪੀਐੱਮ ਆਵਾਸ ਯੋਜਨਾ ਵਿੱਚ ਪੱਕੇ ਘਰ ਦਿੱਤੇ ਜਾਣਗੇ। ਪੀਐੱਮ ਵਿਸ਼ਵਕਰਮਾ ਯੋਜਨਾ ਨੂੰ ਵੀ ਇੱਥੇ ਲਾਗੂ ਕੀਤਾ ਗਿਆ ਹੈ। ਹਰ ਲੰਬਿਤ ਯੋਜਨਾ, ਹਰ ਅਟਕਿਆ ਹੋਇਆ ਪ੍ਰੋਜੈਕਟ, ਹੁਣ ਬੰਗਾਲ ਵਿੱਚ ਨਵੀਂ ਗਤੀ ਫੜ ਰਹੇ ਹਨ। ■

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ
ਦੇਖਣ ਦੇ ਲਈ QR ਕੋਡ ਸਕੈਨ ਕਰੋ।

**‘ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਦਾ ਭਵਿੱਖ’ ਵਿਸ਼ੇ ‘ਤੇ ਅੰਤਰਰਾਸ਼ਟਰੀ ਸੰਮੇਲਨ**

# ਵਿਕਾਸ ਦੇ ਨਾਲ-ਨਾਲ ਵਾਤਾਵਰਣ ਸੰਭਾਲ਼

*ਭਾਰਤ ਨੇ ਆਪਣੀਆਂ ਠੋਸ ਨੀਤੀਆਂ ਨਾਲ ਇਹ ਸਾਬਤ ਕਰ ਦਿਖਾਇਆ ਹੈ ਕਿ ਵਿਕਾਸ ਅਤੇ ਵਾਤਾਵਰਣ ਸੰਭਾਲ਼ ਦੋਵੇਂ ਇਕੱਠੇ ਸੰਭਵ ਹਨ। ਬੀਤੇ ਇੱਕ ਦਹਾਕੇ ਵਿੱਚ ਵਾਤਾਵਰਣ ਦੇ ਹਰ ਮੋਰਚੇ ‘ਤੇ ਦੇਸ਼ ਨੇ ਬੇਮਿਸਾਲ ਤਰੱਕੀ ਕੀਤੀ ਹੈ। ਇਸੇ ਦਾ ਨਤੀਜਾ ਹੈ ਕਿ ਜੀ-20 ਦੇਸ਼ਾਂ ਵਿੱਚ ਭਾਰਤ ਇਕੱਲਾ ਅਜਿਹਾ ਦੇਸ਼ ਬਣਿਆ, ਜਿਸ ਨੇ ਪੈਰਿਸ ਕੌਪ-21 ਸਮਝੌਤੇ ਦੇ ਟੀਚਿਆਂ ਨੂੰ ਸਮੇਂ ਤੋਂ ਪਹਿਲਾਂ ਹਾਸਲ ਕੀਤਾ। 19 ਸਤੰਬਰ ਨੂੰ ‘ਵਾਤਾਵਰਣ ਅਤੇ ਜਲਵਾਯੂ ਪਰਿਵਰਤਨ ਦਾ ਭਵਿੱਖ’ ਵਿਸ਼ੇ ‘ਤੇ ਆਯੋਜਿਤ ਅੰਤਰਰਾਸ਼ਟਰੀ ਸੰਮੇਲਨ ਦੇ ਉਦਘਾਟਨ ਮੌਕੇ ‘ਤੇ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਿਹਾ ਕਿ ਅੱਜ ਭਾਰਤ ਦਾ ਪ੍ਰਤੀ ਵਿਅਕਤੀ ਕਾਰਬਨ ਨਿਕਾਸੀ ਗਲੋਬਲ ਔਸਤ ਦੇ ਅੱਧੇ ਤੋਂ ਵੀ ਹੈ ਘੱਟ...*

ਅੰਤਰਰਾਸ਼ਟਰੀ ਸੰਮੇਲਨ ਵਿੱਚ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਕਾਰਬਨ ਫੁਟਪ੍ਰਿੰਟ ਦੇ ਬਾਰੇ ਵਿੱਚ ਗਲੋਬਲ ਪੱਧਰ ‘ਤੇ ਫੈਲੀ ਗਲਤ ਧਾਰਨਾ ਦੇ ਸਬੰਧ ਵਿੱਚ ਕਿਹਾ ਕਿ ਵਿਕਾਸਸ਼ੀਲ ਦੇਸ਼ਾਂ ਨੂੰ ਗਲਤ ਢੰਗ ਨਾਲ ਦੋਸ਼ੀ ਠਹਿਰਾਇਆ ਜਾਂਦਾ ਹੈ। ਪ੍ਰਧਾਨ ਮੰਤਰੀ ਮੋਦੀ ਨੇ ਅਜਿਹਾ ਇਸ ਲਈ ਕਿਹਾ ਕਿਉਂਕਿ ਵਿਕਸਿਤ ਦੇਸ਼ ਪ੍ਰਤੀ ਵਿਅਕਤੀ ਭਾਰਤ ਦੀ ਤੁਲਨਾ ਵਿੱਚ 6 ਗੁਣਾ ਵੱਧ ਕਾਰਬਨ ਨਿਕਾਸੀ ਕਰਦੇ ਹਨ। ਭਾਰਤ ਵਿਸ਼ਵ ਨੂੰ ਇਕੱਠੇ ਲਿਆ ਕੇ ਵਾਤਾਵਰਣ ਸੰਭਾਲ ਦੇ ਨਵੇਂ ਮਾਪਦੰਡ ਸਥਾਪਿਤ ਕਰ ਰਿਹਾ ਹੈ। ਦੇਸ਼ ਨੇ ਗੈਰ-ਜੀਵਾਂਸ਼ਮ ਈਂਧਣ ਅਤੇ ਸੌਰ ਊਰਜਾ ਸਮਰੱਥਾ ਵਿੱਚ ਗਲੋਬਲ ਮਿਆਰ ਸਥਾਪਿਤ ਕੀਤਾ ਹੈ।






## ਸਵੱਛ ਊਰਜਾ

**12** ਵਰ੍ਹਿਆਂ ਵਿੱਚ ਸੌਰ ਊਰਜਾ ਦੀ ਸਮਰੱਥਾ 2 ਗੀਗਾਵਾਟ ਤੋਂ ਵਧ ਕੇ 160 ਗੀਗਾਵਾਟ ਤੋਂ ਵੱਧ ਹੋ ਗਈ ਹੈ।

**30** ਲੱਖ ਕਿਸਾਨਾਂ ਨੂੰ ਕੁਸੁਮ ਯੋਜਨਾ ਦੇ ਤਹਿਤ ਸੌਰ ਪੰਪ ਮਿਲੇ।

**50** ਲੱਖ ਘਰਾਂ ਨੂੰ ਸੌਰ ਊਰਜਾ ਨਾਲ ਜੋੜਿਆ ਗਿਆ, ਹਰੇਕ ਘਰ ਨੂੰ 80 ਹਜ਼ਾਰ ਰੁਪਏ ਤੱਕ ਦੀ ਵਿੱਤੀ ਸਹਾਇਤਾ।

**200** ਮਿਲੀਅਨ ਟਨ ਕਾਰਬਨ ਨਿਕਾਸੀ ਘੱਟ ਹੋਈ 'ਵਨ ਨੇਸ਼ਨ-ਵਨ ਗ੍ਰਿਡ' ਦੀ ਮਦਦ ਨਾਲ।

■ ਚਾਰ ਗੁਣਾ ਵਧੀ ਹੈ ਨੌਨ-ਫੌਸਿਲ ਐਨਰਜੀ ਸਮਰੱਥਾ ਸਰਕਾਰ ਦੇ ਯਤਨਾਂ ਨਾਲ।





*"ਬੀਤੇ 12 ਵਰ੍ਹਿਆਂ ਵਿੱਚ ਵਾਤਾਵਰਣ ਨਾਲ ਜੁੜੇ ਹਰ ਖੇਤਰ ਵਿੱਚ, ਹਰ ਸੈਕਟਰ ਵਿੱਚ.... ਭਾਰਤ ਨੇ ਅਸਾਧਾਰਣ ਤਰੱਕੀ ਕੀਤੀ ਹੈ। ਸਾਡਾ ਵੱਡਾ ਫੋਕਸ ਰਿਨਿਊਬਲ ਐਨਰਜੀ 'ਤੇ ਰਿਹਾ ਹੈ ਅਤੇ ਇਸ ਨੇ ਵਾਤਾਵਰਣ ਸੁਰੱਖਿਆ ਵਿੱਚ ਵੱਡੀ ਭੂਮਿਕਾ ਨਿਭਾਈ ਹੈ।*

**- ਨਰੇਂਦਰ ਮੋਦੀ, ਪ੍ਰਧਾਨ ਮੰਤਰੀ**

## ਸਵੱਛ ਅਤੇ ਆਧੁਨਿਕ ਆਵਾਜਾਈ

■ ਦੇਸ਼ ਦੀ ਪਹਿਲੀ ਹਾਈਡ੍ਰੋਜਨ ਟ੍ਰੇਨ ਸਵੱਛ ਅਤੇ ਹਰਿਤ ਆਵਾਜਾਈ ਦੀ ਦਿਸ਼ਾ ਵਿੱਚ ਵੱਡੀ ਉਪਲਬਧੀ।

■ 25 ਲੱਖ ਹੋਈ ਇਲੈਕਟ੍ਰਿਕ ਵਾਹਨਾਂ ਦੀ ਵਿਕਰੀ ਪਿਛਲੇ ਵਰ੍ਹੇ, 2014 ਤੋਂ ਪਹਿਲਾਂ ਇਹ ਗਿਣਤੀ ਤਿੰਨ ਹਜ਼ਾਰ ਤੋਂ ਵੀ ਘੱਟ ਸੀ। ਵਿਕਰੀ ਵਿੱਚ 950 ਗੁਣਾ ਦਾ ਵਾਧਾ।

**20**
ਤੋਂ ਵੱਧ ਸ਼ਹਿਰਾਂ ਵਿੱਚ ਮੈਟਰੋ ਨੈੱਟਵਰਕ, 2014 ਵਿੱਚ ਸਿਰਫ਼ ਪੰਜ ਸ਼ਹਿਰਾਂ ਤੱਕ ਸੀ ਪਹੁੰਚ।



## ਜਲ ਸੰਭਾਲ ਤੋਂ ਕੁਦਰਤੀ ਖੇਤੀ

■ ਜਲ ਸੰਭਾਲ: 70 ਹਜ਼ਾਰ ਤੋਂ ਵੱਧ ਅੰਮ੍ਰਿਤ ਸਰੋਵਰ ਅਤੇ 1.5 ਕਰੋੜ ਵਰਖਾ ਜਲ ਸੰਚਿਤ ਸੰਰਚਨਾ ਦਾ ਨਿਰਮਾਣ 'ਕੈਚ ਦ ਰੇਨ' ਅਭਿਆਨ ਦੇ ਤਹਿਤ।

■ 2 ਕਰੋੜ ਤੋਂ ਵੱਧ ਕਿਸਾਨਾਂ ਨੂੰ 'ਪ੍ਰਧਾਨ ਮੰਤਰੀ ਕ੍ਰਿਸ਼ੀ ਸਿੰਚਾਈ ਯੋਜਨਾ' ਅਤੇ 'ਹਰ ਬੂੰਦ, ਵਧੇਰੇ ਫਸਲ' ਦਾ ਲਾਭ।

■ 12.5 ਲੱਖ ਹੈਕਟੇਅਰ ਵਿੱਚ ਫੈਲੇ 24,00 ਕੁਦਰਤੀ ਖੇਤੀਬਾੜੀ ਸਮੂਹਾਂ ਦੀ ਸਥਾਪਨਾ ਰਾਸ਼ਟਰੀ ਕੁਦਰਤੀ ਖੇਤੀ ਮਿਸ਼ਨ ਦੇ ਤਹਿਤ।

■ ਤਿੰਨ ਹਜ਼ਾਰ ਫਸਲਾਂ ਦਾ ਜਲਵਾਯੂ ਦੇ ਅਨੁਕੂਲ ਵਿਕਾਸ।

■ ਪਿਛਲੇ 12 ਵਰ੍ਹਿਆਂ ਵਿੱਚ ਸੰਘਣੇ ਜੰਗਲ ਖੇਤਰਾਂ ਵਿੱਚ 22% ਤੋਂ ਵੱਧ ਦਾ ਵਾਧਾ।

ਪ੍ਰਧਾਨ ਮੰਤਰੀ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।




**ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ 72ਵੇਂ ਰਾਸ਼ਟਰੀ ਫਿਲਮ ਪੁਰਸਕਾਰ ਪ੍ਰਦਾਨ ਕੀਤੇ**

# ਭਾਰਤੀ ਫਿਲਮਾਂ ਵਿੱਚ ਭਵਿੱਖ ਦੀਆਂ ਸੰਭਾਵਨਾਵਾਂ

*ਭਾਰਤ ਦੇ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਵਰ੍ਹੇ 2024 ਦੇ ਲਈ 22 ਸਤੰਬਰ ਨੂੰ ਗੁਜਰਾਤ ਦੇ ਕੇਵੜੀਆ ਸਥਿਤ ਏਕਤਾ ਨਗਰ ਵਿੱਚ ਆਯੋਜਿਤ ਸਮਾਰੋਹ ਵਿੱਚ 72ਵੇਂ ਰਾਸ਼ਟਰੀ ਫਿਲਮ ਪੁਰਸਕਾਰ ਪ੍ਰਦਾਨ ਕੀਤੇ। ਭਾਰਤੀ ਸਿਨੇਮਾ ਵਿੱਚ ਅਸਧਾਰਨ ਯੋਗਦਾਨ ਦੇ ਲਈ ਦਿੱਗਜ ਅਭਿਨੇਤਾ ਅਨੰਤ ਨਾਗ ਨੂੰ ਦਾਦਾ ਸਾਹੇਬ ਫਾਲਕੇ ਸਮੇਤ ਹੋਰ ਜੇਤੂਆਂ ਨੂੰ ਪੁਰਸਕਾਰ ਪ੍ਰਦਾਨ ਕੀਤੇ ਗਏ। ਰਾਸ਼ਟਰਪਤੀ ਨੇ ਪੁਰਸਕਾਰ ਜੇਤੂਆਂ ਨੂੰ ਉਨ੍ਹਾਂ ਦੀ ਪ੍ਰਤਿਭਾ, ਸਮਰਪਣ ਅਤੇ ਸਖ਼ਤ ਮਿਹਨਤ ਦੇ ਲਈ ਵਧਾਈਆਂ ਦਿੱਤੀਆਂ ਅਤੇ ਕਿਹਾ ਕਿ ਭਾਰਤੀ ਫਿਲਮਾਂ ਦਰਸਾਉਂਦੀਆਂ ਹਨ ਭਾਰਤ ਦੇ ਲੋਕਾਂ ਦੇ ਸੁਪਨੇ, ਪਰੰਪਰਾਵਾਂ, ਸੰਘਰਸ਼ ਅਤੇ ਭਵਿੱਖ ਦੀਆਂ ਸੰਭਾਵਨਾਵਾਂ...*

## ਕਲਾਕਾਰ ਓਹੀ ਜੋ ਰੌਸ਼ਨੀ ਲਿਆਵੇ, ਹਨ੍ਹੇਰਾ ਨਹੀਂ

ਪੁਰਸਕਾਰ ਵੰਡ ਪ੍ਰੋਗਰਾਮ ਦੌਰਾਨ ਰਾਸ਼ਟਰਪਤੀ ਦ੍ਰੌਪਦੀ ਮੁਰਮੂ ਨੇ ਕਿਹਾ ਕਿ ਜੋ ਫਿਲਮ ਕਲਾਕਾਰ ਬਹੁਤ ਪ੍ਰਸਿੱਧ ਹੁੰਦੇ ਹਨ ਉਨ੍ਹਾਂ ਵਿੱਚ ਦੇਸ਼ਵਾਸੀਆਂ ਖਾਸ ਤੌਰ 'ਤੇ ਨੌਜਵਾਨਾਂ ਨੂੰ, ਪ੍ਰਭਾਵਿਤ ਕਰਨ ਦੀ ਅਸੀਮ ਸਮਰੱਥਾ ਹੁੰਦੀ ਹੈ। ਜਦੋਂ ਸਫਲ ਫਿਲਮ ਕਲਾਕਾਰ ਅਨੁਸ਼ਾਸਿਤ ਜੀਵਨਸ਼ੈਲੀ ਦੇ ਫਾਇਦੇ ਬਾਰੇ ਦੱਸਦੇ ਹਨ ਤਾਂ ਕਰੋੜਾਂ ਬੱਚੇ ਅਤੇ ਨੌਜਵਾਨ ਉਨ੍ਹਾਂ ਨੂੰ ਯਾਦ ਕਰਦੇ ਹਨ। ਮੈਂ ਇਹ ਤਾਕੀਦ ਕਰਨੀ ਚਾਹੁੰਦੀ ਹਾਂ ਕਿ ਪ੍ਰਸਿੱਧ ਕਲਾਕਾਰ ਸਿਹਤ ਦੇ ਲਈ ਹਾਨੀਕਾਰਕ ਪਦਾਰਥਾਂ ਦਾ ਸਮਰਥਨ ਨਾ ਕਰਨ। ਕਲਾਕਾਰ ਓਹੀ ਜੋ ਰੌਸ਼ਨੀ ਲਿਆਵੇ, ਹਨ੍ਹੇਰਾ ਨਹੀਂ।



# ਦਿੱਲੀ ਤੋਂ ਬਾਹਰ ਏਕਤਾ ਨਗਰ ਵਿੱਚ ਆਯੋਜਿਤ ਫਿਲਮ ਪੁਰਸਕਾਰ ਸਮਾਰੋਹ

**72ਵੇਂ ਰਾਸ਼ਟਰੀ ਫਿਲਮ ਪੁਰਸਕਾਰਾਂ ਵਿੱਚ**

**34** ਭਾਸ਼ਾਵਾਂ ਦੀਆਂ 400 ਫੀਚਰ ਫਿਲਮਾਂ ਹੋਰ

**24** ਭਾਸ਼ਾਵਾਂ ਦੀਆਂ 161 ਨੌਨ-ਫੀਚਰ ਫਿਲਮਾਂ ਦੀਆਂ ਐਂਟਰੀਆਂ ਪ੍ਰਾਪਤ ਹੋਈਆਂ।

- ਇਨ੍ਹਾਂ ਵਿੱਚੋਂ 22 ਫੀਚਰ ਫਿਲਮਾਂ ਅਤੇ 23 ਨੌਨ-ਫੀਚਰ ਫਿਲਮ ਸ਼੍ਰੇਣੀਆਂ ਵਿੱਚ ਪੁਰਸਕਾਰ ਪ੍ਰਦਾਨ ਕੀਤੇ ਗਏ।
- ਭਾਰਤੀ ਸਿਨੇਮਾ ਸੱਭਿਆਚਾਰਕ ਪ੍ਰਗਟਾਵਾ ਅਤੇ ਗਲੋਬਲ ਸਟੋਰੀਟੈਲਿੰਗ ਦੇ ਇੱਕ ਸਸ਼ਕਤ ਮਾਧਿਅਮ ਦੇ ਰੂਪ ਵਿੱਚ ਲਗਾਤਾਰ ਸਮ੍ਰਿੱਧ ਹੋ ਰਿਹਾ ਹੈ।
- ਦਿੱਲੀ ਤੋਂ ਬਾਹਰ ਏਕਤਾ ਨਗਰ ਵਿੱਚ ਰਾਸ਼ਟਰੀ ਫਿਲਮ ਪੁਰਸਕਾਰ ਆਯੋਜਿਤ ਕਰਨਾ ਇੱਕ ਮਹੱਤਵਪੂਰਨ ਪਹਿਲਕਦਮੀ, ਜੋ ਸਰਦਾਰ ਵੱਲਭਭਾਈ ਪਟੇਲ ਦੀ ਰਾਸ਼ਟਰੀ ਏਕਤਾ ਦੀ ਦ੍ਰਿਸ਼ਟੀ ਅਤੇ ਵਚਨਬੱਧਤਾ ਤੋਂ ਪ੍ਰੇਰਿਤ ਹੈ।



- ਬ੍ਰਹਮਯੁਗਮ ਦੇ ਲਈ ਮਮੂਟੀ ਅਤੇ ਚੰਦੂ ਚੈਂਪੀਅਨ ਦੇ ਲਈ ਕਾਰਤਿਕ ਆਰਿਅਨ ਨੂੰ ਸੰਯੁਕਤ ਤੌਰ 'ਤੇ ਬੈਸਟ ਐਕਟਰ ਇਨ ਏ ਲੀਡਿੰਗ ਰੋਲ ਦਾ ਅਵਾਰਡ।



- ਯਾਮੀ ਗੌਤਮ ਨੂੰ ਫਿਲਮ ਆਰਟੀਕਲ 370 ਦੇ ਲਈ ਬੈਸਟ ਐਕਟ੍ਰੈੱਸ ਇਨ ਏ ਲੀਡਿੰਗ ਰੋਲ ਦਾ ਪੁਰਸਕਾਰ ਮਿਲਿਆ।
- ਆਰਟੀਕਲ 370 ਨੂੰ ਸਰਬਸ਼੍ਰੇਸ਼ਠ ਫੀਚਰ ਫਿਲਮ ਦਾ ਪੁਰਸਕਾਰ ਮਿਲਿਆ
- ਸਹਾਇਕ ਭੂਮਿਕਾ ਦੀ ਸ਼੍ਰੇਣੀ ਵਿੱਚ ਸੰਜੈ ਮਿਸ਼੍ਰਾ ਨੂੰ ਫਿਲਮ ਭਕਸ਼ਕ ਦੇ ਲਈ ਬੈਸਟ ਸਪੋਰਟਿੰਗ ਐਕਟਰ ਚੁਣਿਆ ਗਿਆ।
- ਸਹਾਇਕ ਭੂਮਿਕਾ ਅਭਿਨੇਤ੍ਰੀ ਦਾ ਅਵਾਰਡ ਫਿਲਮ ਮਹਾਰਾਜ ਦੇ ਲਈ ਸਚਨਾ ਨਾਮਿਦਾਸ ਅਤੇ ਮਿਥਿਆ ਦੇ ਲਈ ਰੁਪਾਸ਼੍ਰੀ ਵਰਕਡੀ ਨੂੰ ਸੰਯੁਕਤ ਤੌਰ 'ਤੇ ਮਿਲਿਆ।
- ਕਲਿੱਕ 2898 ਏਡੀ ਨੂੰ ਸੰਪੂਰਣ ਮਨੋਰੰਜਨ ਪ੍ਰਦਾਨ ਕਰਨ ਵਾਲੀ ਸਰਬਸ਼੍ਰੇਸ਼ਠ ਪ੍ਰਸਿੱਧ ਫਿਲਮ ਐਲਾਨ ਕੀਤਾ ਗਿਆ।
- ਰਣਦੀਪ ਹੁੱਡਾ ਦੇ ਨਿਰਦੇਸ਼ਨ ਵਿੱਚ ਬਣੀ ਫਿਲਮ ਸਵਤੰਤਰ ਵੀਰ ਸਾਵਰਕਰ ਦੇ ਲਈ ਉਨ੍ਹਾਂ ਨੂੰ ਬੈਸਟ ਡੈਬਿਊ ਡਾਇਰੈਕਟਰ ਦਾ ਪੁਰਸਕਾਰ ਮਿਲਿਆ।

72ਵੇਂ ਰਾਸ਼ਟਰੀ ਫਿਲਮ ਪੁਰਸਕਾਰ ਦਾ ਪੂਰਾ ਪ੍ਰੋਗਰਾਮ ਦੇਖਣ ਦੇ ਲਈ QR ਕੋਡ ਸਕੈਨ ਕਰੋ।

## ਦੇਸ਼ ਦੇ ਸਰਬਸ਼੍ਰੇਸ਼ਠ ਟੂਰਿਜ਼ਮ ਸਥਾਨਾਂ 'ਤੇ ਆਯੋਜਿਤ ਕੀਤੇ ਜਾਣਗੇ ਰਾਸ਼ਟਰੀ ਫਿਲਮ ਪੁਰਸਕਾਰ

ਕੇਂਦਰੀ ਸੂਚਨਾ ਅਤੇ ਪ੍ਰਸਾਰਣ ਮੰਤਰੀ ਅਸ਼ਵਿਨੀ ਵੈਸ਼ਣਵ ਨੇ ਕਿਹਾ ਕਿ ਪ੍ਰਧਾਨ ਮੰਤਰੀ ਨਰੇਂਦਰ ਮੋਦੀ ਦੇ ਦ੍ਰਿਸ਼ਟੀਕੋਣ ਤੋਂ ਪ੍ਰੇਰਿਤ ਹੋ ਕੇ ਰਾਸ਼ਟਰੀ ਫਿਲਮ ਪੁਰਸਕਾਰ ਨੂੰ ਦੇਸ਼ ਦੇ ਸਰਬਸ਼੍ਰੇਸ਼ਠ ਟੂਰਿਜ਼ਮ ਸਥਾਨਾਂ 'ਤੇ ਲੈ ਜਾਇਆ ਜਾ ਰਿਹਾ ਹੈ। ਉਨ੍ਹਾਂ ਨੇ ਪ੍ਰਧਾਨ ਮੰਤਰੀ ਦੇ ਦ੍ਰਿਸ਼ਟੀਕੋਣ ਦੇ ਮੁਤਾਬਕ ਰਾਸ਼ਟਰੀ ਪ੍ਰੋਗਰਾਮਾਂ ਨੂੰ ਰਵਾਇਤੀ ਸਥਾਨਾਂ ਤੋਂ ਅੱਗੇ ਲਿਜਾ ਕੇ ਦੇਸ਼ ਭਰ ਦੀਆਂ ਥਾਵਾਂ ਨਾਲ ਜੋੜਨ ਦੀ ਗੱਲ ਕੀਤੀ। ਉਨ੍ਹਾਂ ਨੇ ਰਾਜਾਂ ਨੂੰ ਅਗਲੇ ਰਾਸ਼ਟਰੀ ਫਿਲਮ ਪੁਰਸਕਾਰਾਂ ਦੇ ਆਯੋਜਨ ਦੇ ਲਈ ਆਪਣੇ ਸਰਬਸ਼੍ਰੇਸ਼ਠ ਟੂਰਿਜ਼ਮ ਸਥਾਨ ਪ੍ਰਸਤਾਵਿਤ ਕਰਨ ਦਾ ਸੱਦਾ ਦਿੱਤਾ। ਇਸ ਨਾਲ ਰਾਸ਼ਟਰੀ ਫਿਲਮ ਪੁਰਸਕਾਰ ਸਿਰਫ਼ ਸੰਮੇਲਨ ਹਾਲ ਤੱਕ ਸੀਮਤ ਨਹੀਂ ਰਹਿਣਗੇ, ਸਗੋਂ ਉਸ ਤੋਂ ਅੱਗੇ ਵਧ ਕੇ ਆਮ ਲੋਕਾਂ ਤੱਕ ਪਹੁੰਚਣਗੇ।

## ਗੁਜਰਾਤ ਨੇ ਕੀਤਾ ਰਾਸ਼ਟਰੀ ਫਿਲਮ ਪੁਰਸਕਾਰਾਂ ਦਾ ਸ਼ਾਨਦਾਰ ਸੁਆਗਤ

ਗੁਜਰਾਤ ਵਿੱਚ ਆਯੋਜਿਤ ਇਸ ਸਮਾਰੋਹ ਨੇ ਰਾਸ਼ਟਰੀ ਫਿਲਮ ਪੁਰਸਕਾਰਾਂ ਦੀ ਯਾਤਰਾ ਵਿੱਚ ਇੱਕ ਨਵੇਂ ਅਧਿਆਏ ਦੀ ਸ਼ੁਰੂਆਤ ਕੀਤੀ। ਗੁਜਰਾਤ ਦੇ ਰਾਜਪਾਲ ਆਚਾਰਿਆ ਦੇਵਵ੍ਰਤ ਨੇ ਦਿੱਲੀ ਤੋਂ ਬਾਹਰ ਰਾਸ਼ਟਰੀ ਫਿਲਮ ਪੁਰਸਕਾਰ ਆਯੋਜਿਤ ਕਰਨ ਦੀ ਨਵੀਂ ਪਰੰਪਰਾ ਸ਼ੁਰੂ ਕਰਨ ਦੇ ਲਈ ਸੂਚਨਾ ਅਤੇ ਪ੍ਰਸਾਰਣ ਮੰਤਰਾਲੇ ਦਾ ਧੰਨਵਾਦ ਪ੍ਰਗਟ ਕੀਤਾ। ਉਨ੍ਹਾਂ ਨੇ ਕਿਹਾ ਕਿ ਸਰਦਾਰ ਵੱਲਭਭਾਈ ਪਟੇਲ ਦੀ ਵਿਰਾਸਤ ਅਤੇ ਸਮਰੱਥਾ ਨਾਲ ਜੁੜੇ ਕੇਵੜੀਆ ਸਥਿਤ ਏਕਤਾ ਨਗਰ ਵਿੱਚ ਇਸ ਪ੍ਰਤਿਸ਼ਠਿਤ ਪੁਰਸਕਾਰ ਸਮਾਰੋਹ ਦੀ ਮੇਜ਼ਬਾਨੀ ਕਰਨਾ ਗੁਜਰਾਤ ਦੇ ਲਈ ਮਾਣ ਦੀ ਗੱਲ ਹੈ। ■




**ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਕੀਤਾ ਬਾਰਾਪੁਲਾ ਫੇਜ-3 ਐਲੀਵੇਟਿਡ ਕੌਰੀਡੋਰ ਦਾ ਉਦਘਾਟਨ**

# ਰਾਜਧਾਨੀ ਦੀ ਕਨੈਕਟੀਵਿਟੀ ਨੂੰ ਨਵੀਂ ਰਫ਼ਤਾਰ

*ਵਰ੍ਹੇ 2047 ਤੱਕ ਭਾਰਤ ਵਿਕਸਿਤ ਰਾਸ਼ਟਰ ਬਣਨ ਦੀ ਦਿਸ਼ਾ ਵੱਲ ਵਧ ਰਿਹਾ ਹੈ। ਰਾਜਧਾਨੀ ਦਿੱਲੀ ਉਸ ਵਿਕਾਸ ਯਾਤਰਾ ਦਾ ਸ਼ੀਸ਼ਾ ਹੈ। ਇਸੇ ਦ੍ਰਿਸ਼ਟੀਕੋਣ ਨਾਲ ਕੇਂਦਰ ਸਰਕਾਰ ਇੱਥੇ ਲਗਾਤਾਰ ਇਨਫ੍ਰਾਸਟ੍ਰਕਚਰ ਵਿਸਤਾਰ ਦਾ ਕੰਮ ਕਰ ਰਹੀ ਹੈ। ਇਸੇ ਕੜੀ ਵਿੱਚ 29 ਸਤੰਬਰ ਨੂੰ ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਬਾਰਾਪੁਲਾ ਫੇਜ-3 ਕੌਰੀਡੋਰ ਦਾ ਉਦਘਾਟਨ ਕੀਤਾ ਜਿਸ ਨਾਲ ਦਿੱਲੀ ਅਤੇ ਆਲੇ-ਦੁਆਲੇ ਦੇ ਲੋਕਾਂ ਨੂੰ ਬਿਨਾ ਰੁਕਾਵਟ ਕਨੈਕਟੀਵਿਟੀ ਮਿਲੇਗੀ, ਨਾਲ ਹੀ ਈਂਧਣ ਅਤੇ ਸਮੇਂ ਦੀ ਵੀ ਹੋਵੇਗੀ ਬੱਚਤ...*

## ਦਿੱਲੀ ਦੀ ਵਿਕਾਸ ਯਾਤਰਾ ਦਾ ਮਹੱਤਵਪੂਰਨ ਅਧਿਆਏ

**ਦੇਸ਼ ਦੀ ਰਾਜਧਾਨੀ ਦੀ ਵਿਕਾਸ ਦੀ ਯਾਤਰਾ ਵਿੱਚ ਇੱਕ ਹੋਰ ਮਹੱਤਵਪੂਰਨ ਅਧਿਆਏ ਤਦ ਜੁੜਿਆ ਜਦੋਂ ਕੇਂਦਰੀ ਗ੍ਰਹਿ ਅਤੇ ਸਹਿਕਾਰਤਾ ਮੰਤਰੀ ਅਮਿਤ ਸ਼ਾਹ ਨੇ 1,941 ਕਰੋੜ ਰੁਪਏ ਤੋਂ ਵੱਧ ਦੇ ਵਿਕਾਸ ਪ੍ਰੋਜੈਕਟਾਂ ਦਾ ਉਦਘਾਟਨ ਕੀਤਾ ਅਤੇ ਨੀਂਹ ਪੱਥਰ ਰੱਖਿਆ।**

- ਲੰਬੇ ਸਮੇਂ ਤੋਂ ਲੰਬਿਤ ਬਾਰਾਪੁਲਾ ਐਲੀਵੇਟਿਡ ਰੋਡ ਫੇਜ-3 ਹੁਣ ਦਿੱਲੀ ਵਾਸੀਆਂ ਦੀ ਸੇਵਾ ਵਿੱਚ ਸਮਰਪਿਤ ਹੈ।
- ਇਸ ਨਾਲ ਮਯੂਰ ਵਿਹਾਰ ਫੇਜ-1 ਤੋਂ ਏਮਸ ਤੱਕ ਸਿਗਨਲ-ਫ੍ਰੀ ਸਫ਼ਰ ਹੋਵੇਗਾ। ਜਾਮ ਘੱਟ ਹੋਵੇਗਾ, ਸਮਾਂ ਬਚੇਗਾ ਅਤੇ ਲੱਖਾਂ ਲੋਕਾਂ ਦਾ ਰੋਜ਼ਾਨਾ ਦਾ ਸਫ਼ਰ ਅਸਾਨ ਹੋਵੇਗਾ।
- ਮੁਕਰਬਾ ਚੌਕ ਅੰਡਰਪਾਸ ਦੇ ਨਾਲ ਮੋਦੀ ਮਿਲ-ਸਾਵਿਤ੍ਰੀ ਸਿਨੇਮਾ ਫਲਾਈਓਵਰ ਅਤੇ ਲੋਨੀ ਅੰਡਰਪਾਸ ਨਾਲ ਵੀ ਦਿੱਲੀ ਦੀ ਕਨੈਕਟੀਵਿਟੀ ਨੂੰ ਨਵੀਂ ਮਜ਼ਬੂਤੀ ਮਿਲੇਗੀ।
- ਸਮੇਂ ਦੀ ਬੱਚਤ, ਸਫ਼ਰ ਨੂੰ ਆਸਾਨ ਅਤੇ ਜੀਵਨ ਵਿੱਚ ਸੁਵਿਧਾ ਵਧਾਉਣ ਦੇ ਉਦੇਸ਼ ਨਾਲ ਤੇਜ਼ ਗਤੀ ਨਾਲ ਹੋ ਰਹੇ ਹਨ ਕੰਮ।



**PMO India** ✓
@PMOIndia

**Free Trade Agreements हमारे युवाओं के लिए संभावनाओं के नए द्वार बना रहे हैं।**

**इस तरह के trade agreements से हमारे entrepreneurs के लिए नई partnerships के रास्ते खुलते हैं, नए markets के रास्ते खुलते हैं और हमारे युवाओं के लिए career में नई possibilities बनती हैं: PM @narendramodi**



**Rajnath Singh** ✓ @rajnathsingh

तकनीक को आम नागरिक की ज़िंदगी का हिस्सा बनाकर जीवन आसान बनाना ही मोदी जी का विज़न है।

जनधन, UPI, आयुष्मान भारत और 5G नेटवर्क जैसी पहलों के माध्यम से प्रधानमंत्री @narendramodi जी ने भारत को 'विकसित भारत' के संकल्प की ओर तेज़ी से आगे बढ़ाया है। उनके इन प्रयासों ने जनविश्वास को और मजबूत किया है।



**Amit Shah** ✓
@AmitShah

**आने वाले दिनों में नशामुक्त मित्र देश के 10 लाख स्कूलों, कॉलेजों और शिक्षण संस्थानों तक पहुंचकर युवाओं को जागरूक करेंगे।**



**Nitin Gadkari** ✓ @nitin_gadkari

Under the visionary leadership of Hon'ble Prime Minister Shri @narendramodi Ji, Ayushman Bharat has emerged as a transformative force in India's healthcare journey, ensuring that quality healthcare is more accessible, affordable and people-centric.



**Nirmala Sitharaman Office** ✓
@nsitharamanoffc

**In 2014, Hon'ble PM Shri @narendramodi opened the doors of banking to everyone through PM Jan Dhan accounts, without requiring a minimum balance.**

**In 2015, PM MUDRA Yojana enabled small entrepreneurs to access loans without collateral.**

**By repaying their loans on time, beneficiaries have been able to access higher amounts, strengthen their credit profiles and build greater credibility with banks.**

**Today, many are growing their businesses and accessing regular banking facilities.**



**Kiren Rijiju** ✓
@KirenRijiju

**Union Cabinet, under the leadership of Hon'ble PM Shri @narendramodi ji, approves enhancement of the wage ceiling for mandatory #EPFO coverage from ₹15,000 to ₹25,000 per month.**
**The decision is expected to bring 51 lakh+ additional employees under mandatory EPFO coverage.**

# आयुष्मान भारत के तहत चिकित्सा खर्च में रिकार्ड बचत : मोदी

**नई दिल्ली, प्रेट :** प्रधानमंत्री नरेन्द्र मोदी ने कहा है कि आयुष्मान भारत के तहत अब 60 करोड़ से अधिक लाभार्थियों को सालाना पांच लाख रुपये स्वास्थ्य कवरेज का लाभ मिल रहा है। इससे चिकित्सा खर्च में रिकार्ड बचत हुई है। फलस्वरूप गरीब तथा मध्यम वर्ग को लाभ मिला है।

बुधवार को योजना के आठ साल पूरे होने पर पीएम ने एक्स पर लिखा कि आयुष्मान भारत योजना इस सोच के साथ शुरू की गई थी कि प्रत्येक भारतीय को गुणवत्तापूर्ण व किफायती स्वास्थ्य सेवा उपलब्ध होनी चाहिए। आज 60 करोड़ से अधिक लाभार्थियों को इसका लाभ मिल रहा है, जिससे यह दुनिया की सबसे बड़ी स्वास्थ्य योजना बन गई है। आयुष्मान आरोग्य मंदिरों में अब तक 500 करोड़ से अधिक लोगों की पहुंच दर्ज की गई है, जिससे जमीनी स्तर पर प्राथमिक स्वास्थ्य सेवा मजबूत हुई है।

- **योजना के आठ साल पूरे होने पर कहा, 60 करोड़ लाभार्थियों को मिल रहा फायदा**
- **प्रत्येक भारतीय को बेहतर स्वास्थ्य सेवा देने के लिए शुरू किया गया था कार्यक्रम**



प्रधानमंत्री नरेन्द्र मोदी ● फाइल फोटो

## स्वस्थ नागरिक विजन के साथ बढ़ रही योजना

भाजपा अध्यक्ष नितिन नवीन ने कहा कि आयुष्मान भारत योजना स्वस्थ नागरिक और मजबूत देश के दृष्टिकोण के साथ आगे बढ़ रही है। प्रधानमंत्री मोदी के नेतृत्व में शुरू की गई इस योजना ने देशभर में नागरिकों के लिए स्वास्थ्य सेवा को अधिक सुलभ बनाने की दिशा में एक नया अध्याय खोला है।

**48.54 करोड़ आयुष्मान कार्ड बने :** स्वास्थ्य मंत्री जेपी नड्डा ने एक्स पर एक पोस्ट में कहा कि आयुष्मान भारत प्रधानमंत्री जन आरोग्य योजना के तहत अब तक 48.54 करोड़ आयुष्मान कार्ड बनाए जा चुके हैं। 13 करोड़ से अधिक लोगों ने इलाज का लाभ उठाया है तथा देशभर में 39 हजार से अधिक सूचीबद्ध सरकारी एवं निजी अस्पतालों के माध्यम से लोगों को दो लाख करोड़ रुपये से अधिक के उपचार का लाभ मिला है। आयुष्मान भारत योजना 23 सितंबर, 2018 को शुरू की गई थी। 31 अगस्त तक 13.25 करोड़ लोगों के उपचार के लिए 2.03 लाख करोड़ रुपये की राशि उपलब्ध कराई जा चुकी है।

## चिंतन शिविर में 68 मंत्रियों के साथ प्रधानमंत्री ने की चर्चा

# विकसित भारत के लक्ष्य पर तेजी से हो रहा काम

**मंथन**

**नई दिल्ली, विशेष संवाददाता।** प्रधानमंत्री नरेंद्र मोदी की अध्यक्षता में 'सेवातीर्थ' में व्यक्तिगत विकास की राह से शुरू हुआ दो दिवसीय महामंथन देश को 'विकसित भारत' की राह पर तेजी से दौड़ाने के संकल्प के साथ थमा। फोकस इस बात पर रहा कि आम नागरिक का जीवन आसान कैसे बने और सरकारी योजनाएं बिना किसी देरी के हर चौखट तक कैसे पहुंचें।

प्रधानमंत्री कार्यालय के नए परिसर सेवातीर्थ में दो दिवसीय चिंतन शिविर की शुरुआत बुधवार को 'रथ का विकास' विषय के साथ हुई। सूत्रों ने बताया कि शिविर के दौरान व्यापक मंथन का केंद्र 'विकसित भारत' के लक्ष्य को गति देना और शासन व्यवस्था को और अधिक प्रभावी बनाना रहा। इसमें मंत्रियों और उनके मंत्रालयों से जुड़े शासन, राजनीतिक कार्यप्रणाली और व्यक्तिगत स्तर से जुड़े विभिन्न पहलुओं पर चर्चा की गई।

जानकारी के अनुसार, चिंतन शिविर में कुल 68 केंद्रीय मंत्रियों ने हिस्सा लिया। मंत्रियों को चार मुख्य समूहों में विभाजित किया गया था और प्रत्येक समूह में 17 मंत्री शामिल थे। चर्चा को अधिक प्रभावी बनाने के लिए समूहों को आगे उप-समूहों में भी विभाजित किया गया। चिंतन शिविर की खास बात यह रही कि यह केवल चुनिंदा मंत्रियों या कुछ प्रस्तुतियों तक ही सीमित नहीं रहा। प्रधानमंत्री मोदी के समक्ष आठ प्रस्तुतियां दी गईं। लेकिन इस बार सभी 68 मंत्रियों को व्यापक चर्चा और मंथन की प्रक्रिया में शामिल किया गया। प्रत्येक प्रस्तुति के लिए लगभग एक घंटे का समय था।



युवाओं से संवाद करते पीएम मोदी।

## सेवा के मार्ग से कभी नहीं होंगे विचलित : प्रधानमंत्री

**नई दिल्ली, एजेंसी।** मोदी ने भाजपा के 'सेवा संकल्प यात्रा' में शामिल युवाओं के साथ संवाद किया। इस दौरान कहा कि सेवा ही भाजपा के संस्कारों का मूल भाव रही है और पार्टी सेवा के मार्ग से कभी विचलित नहीं होगी। हमारे आचरण से लोगों को पता चले कि राजनीति में हमें कितनी ही बड़ी सत्ता क्यों न मिल जाए, लेकिन हमारा मूल मार्ग सेवा का ही रहेगा। हम कभी भी सेवा के मार्ग से विचलित नहीं होंगे, भले ही हम कितने ही ऊंचे शिखर पर पहुंच जाएं।

**राष्ट्र निर्माण के संकल्प को दोहराया**

युवाओं से प्रधानमंत्री ने कहा कि राजनीति, चुनाव और शासन व्यवस्था अपनी जगह है, लेकिन हम राष्ट्र निर्माण और विकसित भारत के संकल्प को लेकर निकले हैं। वर्ष 2047 तक विकसित भारत के निर्माण का संकल्प पूरा करने में युवा पीढ़ी की भूमिका अहम रहने वाली है।

**प्रधानमंत्री ने विश्वप्रसन्नतीर्थ स्वामी से की भेंट**

## विश्वेशतीर्थ स्वामी की जन्मशताब्दी समारोह का लोगो जारी



लोगो का अनावरण करते पीएम मोदी व विश्वप्रसन्नतीर्थ स्वामी।

**पत्रिका ब्यूरो**
patrika.com

**नई दिल्ली,** प्रधानमंत्री नरेंद्र मोदी ने मंगलवार को कर्नाटक के उडुपी स्थित पेजावर अधोक्षज मठ के विश्वप्रसन्नतीर्थ स्वामी से भेंट की। इस दौरान उन्होंने पद्म विभूषण यतीकुल चक्रवर्ती विश्वेशतीर्थ स्वामी की जन्मशताब्दी समारोह के लोगो का अनावरण किया।

प्रधानमंत्री ने कहा कि विश्वेशतीर्थ स्वामी का भक्ति, विद्या और सेवा से परिपूर्ण जीवन आज भी असंख्य लोगों को प्रेरित करता है। उनकी जन्मशताब्दी के अवसर पर होने वाली विभिन्न पहल उनके आदर्शों को आगे बढ़ाने में सहायक होंगी। प्रधानमंत्री मोदी ने सोशल मीडिया पोस्ट में विश्वेशतीर्थ स्वामी के जीवन और योगदान को स्मरण किया। इस अवसर पर केंद्रीय संस्कृत विश्वविद्यालय के कुलपति प्रो. श्रीनिवास वरखेड़ी सहित कई गणमान्य व्यक्ति मौजूद रहे।

**सेवा यात्रा को विकसित भारत-2047 के राष्ट्र निर्माण से जोड़ा**

## सेवा की भावना को जमीन तक पहुंचाने में युवाओं की अहम भूमिका : पीएम मोदी

**पत्रिका ब्यूरो**
patrika.com

**नई दिल्ली,** प्रधानमंत्री नरेन्द्र मोदी ने कहा कि सेवा का अर्थ केवल एक स्थान से दूसरे स्थान तक यात्रा करना नहीं है। लोगों से जुड़ना, समाज को समझना और सेवा की भावना को काम में बदलना भी इसका हिस्सा है। उन्होंने कहा कि सेवा की भावना को जमीनी स्तर तक पहुंचाने में युवाओं की महत्वपूर्ण भूमिका है। उन्होंने कहा कि जीवन का मुख्य उद्देश्य सेवा हर व्यक्ति में स्वाभाविक रूप से होनी चाहिए। राजनीति में भी, सर्वोच्च पद पर पहुंचने के बाद सेवा ही मार्गदर्शक सिद्धांत रहना चाहिए।

मोदी ने गुरुवार को भाजपा के 'सेवा संकल्प अभियान' के तहत वडनगर से वाराणसी तक निकाली जा रही 'सेवा संकल्प यात्रा' में शामिल युवाओं से वीडियो कॉन्फ्रेंसिंग के जरिए संवाद किया। उन्होंने युवाओं से यात्रा के अनुभव, ग्रामीण क्षेत्रों में लोगों से हुई बातचीत और इस दौरान मिली सीख के बारे में जाना। प्रधानमंत्री ने सेवा यात्राओं से जुड़े अपने अनुभव भी साझा किए और वडनगर-वाराणसी मार्ग से अपने जुड़ाव का उल्लेख किया।

### 'सीधे संवाद से मिली नई ऊर्जा'

भाजयुमो के राष्ट्रीय अध्यक्ष हेमांग जोशी ने प्रधानमंत्री के साथ संवाद को यात्रा में शामिल युवाओं के लिए खास अनुभव बताया। उन्होंने कहा कि कई दिनों तक साथियों पर रहने, गांवों में जाने, लाभार्थियों से मिलने और अलग-अलग सेवा कार्यों में भाग लेने के बाद प्रधानमंत्री को सीधे सुनना पूरी यात्रा के लिए नई ऊर्जा देने वाला रहा। जोशी ने कहा कि मोदी के 25 वर्ष के सार्वजनिक जीवन से युवाओं को यह सीख मिलती है कि सेवा किसी एक अवसर तक सीमित गतिविधि नहीं, बल्कि समाज और देश के प्रति लगातार जारी रहने वाली प्रतिबद्धता है।

### अभियान में युवाओं की भागीदारी जरूरी

प्रधानमंत्री ने युवाओं की इस पहल को 'विकसित भारत-2047' के राष्ट्र निर्माण के बड़े लक्ष्य से जोड़ते हुए कहा कि सेवा की भावना को समाज के अंतिम स्तर तक पहुंचाने के लिए युवाओं की भागीदारी जरूरी है। भाजपा ने प्रधानमंत्री के जनप्रतिनिधि के रूप में 25 वर्ष पूरे होने के मौके पर 17 सितंबर से एक महीने का 'सेवा संकल्प अभियान' शुरू किया है।

### 10-10 टीमों की यात्रा

अभियान के तहत वडनगर से वाराणसी और वाराणसी से वडनगर के बीच 10-10 टीमें यात्रा कर रही हैं। इनमें करीब एक हजार युवा शामिल हैं। यात्रा के दौरान युवाओं की गांवों में पहुंच, लोगों से संवाद और विभिन्न सेवा गतिविधियों में भागीदारी पर जोर दिया जा रहा है।



असम के मोरीगांव में विश्व गैंडा दिवस के अवसर पर मंगलवार पोबितोरा वन्यजीव अभयारण्य में दिवसभर करवा एक सींग वाला गैंडा। ● रॉ

## मोदी ने गैंडा संरक्षण के प्रयासों को सराहा

**नई दिल्ली।** प्रधानमंत्री नरेंद्र मोदी ने मंगलवार को देश में गैंडा संरक्षण के प्रयासों की सराहना की। साथ ही कहा कि इस संकटग्रस्त प्रजाति के संरक्षण, उसके पर्यावास के प्रबंधन और उसकी संख्या की स्थिति को समझने के लिए संबंधित राज्यों को वित्तीय और तकनीकी सहायता के लिए 'प्रोजेक्ट राइनो' शुरू किया गया है। विश्व गैंडा दिवस पर मोदी ने कहा कि देश दुर्लभ एक सींग वाले गैंडे के संरक्षण पर गौरव व्यक्त करता है। साथ ही संरक्षण से जुड़े लोगों को सराहा।



**ਆਜ਼ਾਦ ਹਿੰਦ ਸਰਕਾਰ ਦਾ 83ਵਾਂ ਸਥਾਪਨਾ ਦਿਵਸ**

**21 ਅਕਤੂਬਰ 2026**

# ਆਜ਼ਾਦ ਹਿੰਦ ਫੌਜ

## ਪਹਿਲੀ ਫੌਜੀ ਮੁਹਿੰਮ ਦੀ ਅਗਵਾਈ ਕੀਤੀ

*ਨੇਤਾ ਜੀ ਸੁਭਾਸ਼ ਚੰਦਰ ਬੋਸ, ਭਾਰਤੀ ਸੁਤੰਤਰਤਾ ਅੰਦੋਲਨ ਦੇ ਅਜਿਹੇ ਨਾਇਕ ਹਨ ਜਿਨ੍ਹਾਂ ਦੀ ਯਾਦ ਮਾਤਰ ਨਾਲ ਹੀ ਮਨ ਵਿੱਚ ਦੇਸ਼ ਭਗਤੀ ਦੀ ਲਹਿਰ ਉਮੜ ਪੈਂਦੀ ਹੈ। ਉਨ੍ਹਾਂ ਨੇ ਨੌਜਵਾਨਾਂ ਨੂੰ ਸੰਗਠਿਤ ਕਰਕੇ ਆਜ਼ਾਦ ਹਿੰਦ ਫੌਜ ਰਾਹੀਂ ਪਹਿਲੀ ਫੌਜੀ ਮੁਹਿੰਮ ਦੀ ਅਗਵਾਈ ਕੀਤੀ। ਅੰਡੇਮਾਨ-ਨਿਕੋਬਾਰ ਵਿੱਚ ਤਿਰੰਗਾ ਲਹਿਰਾ ਕੇ ਵਰ੍ਹੇ 1943 ਵਿੱਚ ਹੀ ਆਜ਼ਾਦ ਭਾਰਤ ਦਾ ਐਲਾਨ ਕੀਤਾ। ਆਜ਼ਾਦ ਹਿੰਦ ਫੌਜ ਰਾਹੀਂ, ਨੇਤਾਜੀ ਨੇ ਕ੍ਰਾਂਤੀਕਾਰੀਆਂ ਦੇ ਦਿਲਾਂ ਵਿੱਚ ਇਹ ਦ੍ਰਿੜ੍ਹ ਵਿਸ਼ਵਾਸ ਜਗਾਇਆ ਕਿ ਦੇਸ਼ਵਾਸੀ ਆਪਣੀ ਸੈਨਾ ਅਤੇ ਸੈਨਾ ਅਭਿਆਨਾਂ ਰਾਹੀਂ ਪ੍ਰਾਪਤ ਕਰ ਸਕਦੇ ਹਨ ਸੁਤੰਤਰਤਾ...*



- ਨੇਤਾ ਜੀ ਸੁਭਾਸ਼ ਚੰਦਰ ਬੋਸ ਨੇ 21 ਅਕਤੂਬਰ 1943 ਨੂੰ ਆਜ਼ਾਦ ਹਿੰਦ ਸਰਕਾਰ ਦੀ ਸਥਾਪਨਾ ਕੀਤੀ ਸੀ। ਸਰਕਾਰ ਨੇ ਬੈਂਕ, ਮੁਦ੍ਰਾ ਅਤੇ ਡਾਕ ਟਿਕਟ ਵੀ ਸ਼ੁਰੂ ਕੀਤਾ ਸੀ।
- ਨੇਤਾ ਜੀ ਨੇ ਰਾਣੀ ਝਾਂਸੀ ਰੈਜੀਮੈਂਟ ਦੀ ਸਥਾਪਨਾ ਨਾਲ ਹਥਿਆਰਬੰਦ ਬਲਾਂ ਵਿੱਚ ਮਹਿਲਾਵਾਂ ਨੂੰ ਬਰਾਬਰ ਮੌਕੇ ਦੇਣ ਦੀ ਨੀਂਹ ਰੱਖੀ ਸੀ।



*“ਨੇਤਾ ਜੀ ਦਾ ਇੱਕ ਹੀ ਉਦੇਸ਼ ਸੀ, ਇੱਕ ਹੀ ਮਿਸ਼ਨ ਸੀ - ਭਾਰਤ ਦੀ ਆਜ਼ਾਦੀ। ਭਾਰਤ ਮਾਤਾ ਨੂੰ ਗ਼ੁਲਾਮੀ ਦੀਆਂ ਜੰਜ਼ੀਰਾਂ ਤੋਂ ਮੁਕਤ ਕਰਵਾਉਣਾ। ਇਹੀ ਉਨ੍ਹਾਂ ਦੀ ਵਿਚਾਰਧਾਰਾ ਸੀ ਅਤੇ ਇਹੀ ਉਨ੍ਹਾਂ ਦਾ ਕਰਮ ਖੇਤਰ ਸੀ।* **– ਨਰੇਂਦਰ ਮੋਦੀ, ਪ੍ਰਧਾਨ ਮੰਤਰੀ**


ਨਿਊ ਇੰਡੀਆ ਸਮਾਚਾਰ ਪੰਦਰਵਾੜਾ

RNI Registered No. DELPUN/2020/72808, 16- 31 October, 2026

RNI DELPUN/2020/78808, (Publishing Date: 01 October, 2026, Total Pages-46)

EDITOR IN CHIEF:
Dhirendra Ojha
Principal Director General
Press Information Bureau, New Delhi

PUBLISHED:
Kanchan Prasad
Director General, on behalf of
Central Bureau Of Communication

PUBLISHED FROM:
Room No–278, Central Bureau Of Communication, 2nd Floor, Soochna Bhawan, New Delhi -110003